# ਵਤਨੋਂ ਦੂਰ

91

## ਇਸ ਅੰਕ ਵਿੱਚ


ਲੇਖ : ਮੈਂ ਨਾਸਤਕ ਕਿਉਂ ਹਾਂ? / ਸ਼ਹੀਦ ਭਗਤ ਸਿੰਘ

ਵਿਚਾਰ-ਚਰਚਾ : ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮੱਤਭੇਦਾਂ ਦਾ ਮਸਲਾ / ਆਰ. ਪੀ. ਸਿੰਘ

ਨਾਟਕ : ਪੰਜਾਬ ਦੀ ਆਵਾਜ਼ / ਮੱਖਣ ਟੁੱਟ

ਵਤਨ ਦੀ ਵਾਅ : - ਪੰਜਾਬ ਦਾ ਦੁਖਾਂਤ / ਸੁਰਿੰਦਰ ਧੰਜਲ
- ਸਾਥੀ ਸੁਖਰਾਜ : ਇਕ ਸ਼ਰਧਾਂਜਲੀ / ਅਦਾਰਾ
- ਵੀਜ਼ਾ ਸਿਸਟਮ : ਮਨੁੱਖੀ ਅਧਿਕਾਰਾਂ 'ਤੇ ਧਾਵਾ / ਅਦਾਰਾ

ਇੰਟਰਵੀਊ : ਮਸ਼ਰੂਮ ਫਾਰਮ ਵਿਚ ਕੰਮ ਕਰਦੀਆਂ ਔਰਤਾਂ ਨਾਲ ਇੰਟਰਵੀਊ / ਵੈਨਕੂਵਰ ਸੱਥ

ਅਨੁਵਾਦ : ਆਸਾਮ : ਫਗਾਊਸ਼ ਲੁਕਮੈਨ ਦੀ ਇੰਦਰਾ ਗਾਂਧੀ ਨਾਲ ਮੁਲਾਕਾਤ / ਸੁਰਿੰਦਰ ਕੈਲੇ

ਕਹਾਣੀ : ਅਲਵਿਦਾ / ਮੁਹਿੰਦਰ ਸਿੰਘ ਬੈਂਸ

ਰਿਪੋਰਟਾਂ : - ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਵੱਲੋਂ ਪ੍ਰੈੱਸ ਰੀਲੀਜ਼
- ਵੈਨਕੂਵਰ ਦੇ ਪ੍ਰਗਤੀਵਾਦੀ ਲਿਖਾਰੀਆਂ ਦਾ ਫਿਰਕੂ ਜਨੂੰਨ ਵਿਰੁੱਧ ਸਟੈਂਡ
- ਇਕ ਖ਼ਤ / ਗੁਰਦੇਵ ਸਿੰਘ ਰਿਚਮੰਡ
- ਗ੍ਰੈਂਡ ਪਰੇਰੀ ਵਿਚ ਸ਼ਹੀਦ ਭਗਤ ਸਿੰਘ - ਰਾਜਗੁਰੂ - ਸੁਖਦੇਵ ਯਾਦਗਾਰੀ ਸੱਭਿਆਚਾਰਕ ਪ੍ਰੋਗਰਾਮ
- ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈੱਗ ਵੱਲੋਂ ਪ੍ਰੈੱਸ ਰੀਲੀਜ਼

ਕਵਿਤਾਵਾਂ : ਸੁਰਜੀਤ ਪਾਤਰ, ਅਵਤਾਰ ਗਿੱਲ, ਮੱਖਣ ਟੁੱਟ, ਹਰਦੇਵ ਵਿਰਕ


ਮਈ-ਜੂਨ 84, ਇਕ ਡਾਲਰ

LITERARY & CULTURAL BIMONTHLY OF PANJABI

# WATNO DUR

P.O. BOX 9545
Edmonton, Alberta, T6E 5X2

P.O. BOX 67681 Station 'O'
Vancouver, B.C., V5W 3V2

(Started in July 1973)

2nd Class Mail Reg. No. 3233 | May - June 1984 | Vol. 11 No. 101

Editor:
Surinder Dhanjal
(Grande Prairie, Alberta, 539-9614)

Editorial Board:

Laat Bhinder, Edmonton ..................... 435-7469
Avtar Gill, Sherwood Park ..................... 464-3851
Karnail Randhawa, Edmonton ..................... 462-2712

Advertising & Circulation Board:

Paul Binning, Richmond ..................... 270-9467
Iqbal Ramuwalia, Toronto ..................... 745-7326
Gurcharan Tallewalia, Burnaby ..................... 298-3431

Watno Dur Representatives:

- British Columbia, Canada:
  - Sadhu, Burnaby ..................... 437-9014
  - Sukhwant Hundal, Vancouver ..................... 321-9221
  - Amarjit Chahal, Surrey ..................... 581-0406
  - Tej Sandhu, Quesnel ..................... 992-6775
  - ~~Dev~~ Jatana, Prince Rupert ..................... 627-7209
  - Avtar Rodhey, Quesnel ..................... 992-7578
  - Inderjit Rode, Vancouver ..................... 430-4104
  - ~~J.S. Aulakh, Mission~~ ..................... 826-4888
- Alberta, Canada:
  - ~~K.S. Chaman, Cal~~gary ..................... 248-2841

## ਫਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ

ਵਤਨੋਂ ਦੂਰ ਦਾ ਗਿਆਰਵਾਂ ਸਾਲਾਨਾ ਅੰਕ (ਜੁਲਾਈ ਅਗਸਤ 84) ਫਿਰਕੂ ਜਨੂੰਨ ਵਿਰੁੱਧ ਵਿਸ਼ੇਸ਼ ਅੰਕ ਹੋਵੇਗਾ।

ਪਿਛਲੇ ਅੰਕ ਵਿੱਚ "ਫਿਰਕੂ ਜਨੂੰਨ ਵਿਰੁੱਧ ਵਿਚਾਰ ਚਰਚਾ" ਦੇ ਸੱਦੇ ਉਤੇ ਕੈਨੇਡਾ ਦੇ ਬਹੁਤ ਸਾਰੇ ਲੇਖਕਾਂ ਨੇ ਸਾਨੂੰ ਕਹਾਣੀਆਂ, ਕਵਿਤਾਵਾਂ, ਨਾਟਕ, ਖ਼ਤ ਭੇਜੇ ਹਨ। ਅਸੀਂ ਇਸ ਵਿਸ਼ੇ ਉੱਤੇ ਤਰਕਸ਼ੀਲ ਲੇਖਾਂ ਦੀ ਲੋੜ ਮਹਿਸੂਸ ਕਰਦੇ ਹਾਂ ਜੋ ਸਾਡੇ ਉਠਾਏ ਸਵਾਲਾਂ ਬਾਰੇ ਅਤੇ ਹੋਰ ਸੰਬੰਧਤ ਸਵਾਲਾਂ ਬਾਰੇ ਇੱਕ ਨਿਯਮਬੱਧ/ਸਿਲਸਿਲੇਵਾਰ ਚਰਚਾ ਦਾ ਰੂਪ ਧਾਰਨ ਕਰਨ ਅਤੇ ਵੱਡੇ ਪੱਧਰ ਉੱਤੇ ਲੋਕ-ਪੱਖੀ ਰਾਇ ਉਸਾਰਨ ਵਿੱਚ ਸਹਾਈ ਹੋਣ।

ਇਹ ਮਸਲਾ ਕਿਸੇ ਇਕੱਲੇ ਦੁਕੱਲੇ ਵਿਅਕਤੀ/ਸੰਸਥਾ/ਧੜੇ ਦਾ ਨਹੀਂ ਸਗੋਂ ਦੁਨੀਆਂ ਭਰ ਵਿੱਚ ਫੈਲੇ ਹੋਏ ਸਮੁੱਚੇ ਪੰਜਾਬੀਆਂ/ਹਿੰਦੁਸਤਾਨੀਆਂ ਦਾ ਸਾਂਝਾ ਮਸਲਾ ਹੈ। ਇਸ ਸਮੱਸਿਆ ਦੀਆਂ ਜੜ੍ਹਾਂ ਕਿਉਂਕਿ ਹਿੰਦੁਸਤਾਨ ਦੇ ਨਾਲ ਨਾਲ ਇੰਗਲੈਂਡ, ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ 'ਚ ਵੀ ਹਨ, ਇਸ ਲਈ ਦੁਨੀਆਂ ਦੇ ਹਰ ਕੋਨੇ 'ਚੋਂ ਫਿਰਕੂ ਜਨੂੰਨ ਦੇ ਖਿਲਾਫ਼ ਆਵਾਜ਼ ਉਠਾਉਣਾ ਹਰ ਕਲਮ ਦਾ ਮਾਨਵੀ ਫ਼ਰਜ਼ ਹੈ।

ਸਾਹਿੱਤਕਾਰ ਵੀਰਾਂ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਰਚਨਾਵਾਂ (ਖ਼ਾਸ ਕਰਕੇ ਲੇਖ) 20 ਜੁਲਾਈ 84 ਤੱਕ ਅੱਪੜਦੀਆਂ ਕਰ ਦੇਣ ਤਾਂ ਜੁ ਵਿਸ਼ੇਸ਼ ਅੰਕ ਵੇਲੇ ਸਿਰ ਪ੍ਰਕਾਸ਼ਤ ਹੋ ਸਕੇ।

– ਅਦਾਰਾ ਵਤਨੋਂ ਦੂਰ

- **ANNUAL SUBSCRIPTION**
  - Canada/U.S.A.: $6.00; England: L5.00; Other Countries: $10.00 (By Air) (Cheques, Drafts, Money-Orders payable to 'Watno Dur' should be sent to Edmonton, Alberta or Vancouver, B.C. in Canada).
  - Special Rates for subscribers of India (Annual:RS10/-); Mail directly to: 1. Gursharan Singh, Editor SAMTA, Guru Khalsa Niwas, P.O. Khalsa College, Amritsar - 143002. 2. Surinder Kailay, Editor ANU, Lalton Klan, Ludhiana - 142022.

- **WATNO DUR** (Far from the Motherland) is a Literary and cultural bimonthly of PANJABI - the mother tongue of East Panjab (INDIA) and West Panjab (PAKISTAN) - published by WATNO DUR PUBLICATIONS (Registered). The contributors include well-known Panjabi writers throughout the world.'

- All officeholders and members of WATNO DUR PUBLICATIONS (Registered), past and present, have been and are honorary associates of WATNO DUR.

- Opinions expressed are of the individual writers and may not necessarily, reflect the official policies of WATNO DUR PUBLICATIONS (Registered).

# ਮੈਂ ਨਾਸਤਕ ਕਿਉਂ ਹਾਂ ?

(ਆਸਤਕਤਾ ਜਾਂ ਨਾਸਤਕਤਾ ਦਾ ਸੁਆਲ ਇਕ ਅਮਲੀ ਸਿਆਸੀ ਸੁਆਲ ਹੈ, ਜਿਸ ਦਾ ਸਮਾਜਕ ਤਬਦੀਲੀ ਨਾਲ ਸਿੱਧਾ ਸਬੰਧ ਹੈ। ਇਹ ਸੁਆਲ ਅੱਜ ਪੰਜਾਬ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆਂ ਵਿਚ ਜ਼ੋਰ ਨਾਲ ਉਭਰਿਆ ਹੋਇਆ ਹੈ। ਇਸ ਪ੍ਰਸੰਗ ਵਿਚ ਸ਼ਹੀਦ ਭਗਤ ਸਿੰਘ ਦੀ ਫਾਂਸੀ ਦੇ ਤਖ਼ਤੇ ਤੋਂ ਲਿਖੀ ਇਤਿਹਾਸਕ ਦਸਤਾਵੇਜ਼ "ਮੈਂ ਨਾਸਤਕ ਕਿਉਂ ਹਾਂ ?" ਅਸੀਂ ਹੇਠਾਂ ਦੇ ਰਹੇ ਹਾਂ। ਇਸ ਲਿਖਤ ਨੂੰ ਅਸੀਂ ਕਮਿਊਨਿਸਟ ਯੂਥ ਲੀਗ ਅਤੇ ਜੈਕਾਰਾ ਪ੍ਰਕਾਸ਼ਨ ਵੱਲੋਂ ਛਪੀ ਪੁਸਤਕ "ਮੈਂ ਨਾਸਤਕ ਕਿਉਂ ਹਾਂ ?" ਵਿਚੋਂ ਲਿਆ ਹੈ।
— ਅਦਾਰਾ)




ਨਵੀਂ ਸਮੱਸਿਆ ਖੜੀ ਹੋ ਗਈ ਹੈ : ਕੀ ਸਰਬ ਸ਼ਕਤੀਮਾਨ, ਸਰਬ ਵਿਆਪਕ ਤੇ ਸਰਬ ਹਿਤਕਾਰੀ ਰੱਬ ਦੀ ਹੋਂਦ ਵਿਚ ਮੇਰਾ ਅਵਿਸ਼ਵਾਸ ਮੇਰੇ ਅਹੰਕਾਰ ਕਰਕੇ ਹੈ ? ਮੈਨੂੰ ਕਦੇ ਚਿੱਤ-ਚੇਤਾ ਵੀ ਨਹੀਂ ਸੀ ਕਿ ਮੈਨੂੰ ਕਿਸੇ ਵੇਲੇ ਇਹੋ ਜੇਹੀ ਸਮੱਸਿਆ ਦਾ ਸਾਹਮਣਾ ਕਰਨਾ ਪਏਗਾ। ਆਪਣੇ ਕੁਝ ਦੋਸਤਾਂ ਨਾਲ ਗੱਲ ਬਾਤ ਕਰਨ ਤੋਂ ਪਤਾ ਲੱਗਾ ਕਿ ਮੇਰੇ ਕੁਝ ਦੋਸਤਾਂ (ਜੇ ਦੋਸਤੀ ਦਾ ਇਹ ਮੇਰਾ ਦਾਅਵਾ ਗ਼ਲਤ ਨਾ ਹੋਵੇ) ਨੇ ਮੇਰੇ ਨਾਲ ਥੋੜੇ ਜਿਹੇ ਮੇਲ ਜੋਲ ਮਗਰੋਂ ਹੀ ਇਹ ਸਿੱਟਾ ਕੱਢ ਲਿਆ ਕਿ ਮੇਰਾ ਰੱਬ ਦੀ ਹੋਂਦ ਤੋਂ ਮੁਨਕਰ ਹੋਣਾ ਮੇਰੀ ਹਿਮਾਕਤ ਹੈ ਅਤੇ ਇਹ ਵੀ ਕਿ ਮੇਰਾ ਅਹੰਕਾਰ ਹੀ ਮੇਰੇ ਅਵਿਸ਼ਵਾਸ ਦਾ ਕਾਰਣ ਹੈ। ਫਿਰ ਵੀ ਸਮੱਸਿਆ ਤਾਂ ਗੰਭੀਰ ਹੀ ਹੈ। ਇਨ੍ਹਾਂ ਇਨਸਾਨੀ ਵਤੀਰਿਆਂ ਤੋਂ ਉਪਰ ਹੋਣ ਦਾ ਮੈਂ ਦਾਅਵਾ ਨਹੀਂ ਕਰਦਾ। ਮੈਂ ਵੀ ਆਖਰ ਇਨਸਾਨ ਹਾਂ, ਇਸ ਤੋਂ ਵੱਧ ਕੁਝ ਨਹੀਂ। ਤੇ ਨਾ ਹੀ ਕੋਈ ਇਸ ਤੋਂ ਵੱਧ ਹੋਣ ਦਾ ਦਾਅਵਾ ਕਰ ਸਕਦਾ ਹੈ। ਮੇਰੇ ਵਿਚ ਵੀ ਇਹ ਕਮਜ਼ੋਰੀ ਹੈ। ਅਹੰਕਾਰ ਮੇਰੇ ਸੁਭਾਅ ਦਾ ਅੰਗ ਹੈ। ਮੈਂ ਆਪਣੇ ਸਾਥੀਆਂ ਵਿਚ ਤਾਨਾਸ਼ਾਹ ਕਰਕੇ ਜਾਣਿਆ ਜਾਂਦਾ ਸਾਂ। ਏਥੋਂ ਤਕ ਕਿ ਮੇਰਾ ਦੋਸਤ ਬੀ. ਕੇ. ਦੱਤ ਕਦੀ ਕਦੀ ਮੈਨੂੰ ਤਾਨਾਸ਼ਾਹ ਕਹਿੰਦਾ ਹੁੰਦਾ ਸੀ। ਕਈ ਮੌਕਿਆਂ ਉਤੇ ਮੈਨੂੰ ਹੈਂਕੜਬਾਜ਼ ਵੀ ਕਿਹਾ ਗਿਆ। ਕੁਝ ਦੋਸਤ ਪੂਰੀ ਗੰਭੀਰਤਾ ਨਾਲ ਮੇਰੇ ਉਤੇ ਦੋਸ਼ ਲਾਉਂਦੇ ਰਹੇ ਕਿ ਮੈਂ ਦੂਜਿਆਂ 'ਤੇ ਆਪਣੀ ਰਾਏ ਮੜ੍ਹਦਾ ਹਾਂ ਅਤੇ ਆਪਣੀ ਗੱਲ ਮੰਨਵਾ ਲੈਂਦਾ ਹਾਂ। ਮੈਂ ਇਨਕਾਰ ਨਹੀਂ ਕਰਦਾ ਕਿ ਇਹ ਗੱਲ ਕਿਸੇ ਹੱਦ ਤਕ ਸਹੀ ਹੈ। ਇਸ ਨੂੰ ਅਹੰਵਾਦ ਵੀ ਕਿਹਾ ਜਾ ਸਕਦਾ ਹੈ। ਜਿਥੋਂ ਤਕ ਸਮਾਜ ਦੀਆਂ ਰੂੜ੍ਹੀਵਾਦੀ ਰਵਾਇਤਾਂ ਦੇ ਵਿਰੋਧ ਦਾ ਸਵਾਲ ਹੈ, ਮੈਂ ਅਹੰਕਾਰੀ ਹਾਂ, ਪਰ ਇਹ ਜ਼ਾਤੀ ਗੱਲ ਨਹੀਂ। ਇਹ ਮਾਣ ਵਾਲੀ ਗੱਲ ਹੈ, ਇਸ ਨੂੰ ਅਹੰਕਾਰ ਨਹੀਂ ਕਿਹਾ ਜਾ ਸਕਦਾ। ਅਭਿਮਾਨ, ਜਾਂ ਕਹਿ ਲਓ ਅਹੰਕਾਰ ਕਿਸੇ ਮਨੁਖ ਵਿਚ ਲੋੜੋਂ ਵੱਧ ਮਾਣ ਦਾ ਪ੍ਰਗਟਾਵਾ ਹੁੰਦਾ ਹੈ। ਕੀ ਮੈਂ ਬੇਲੋੜੇ ਮਾਣ ਕਰਕੇ ਨਾਸਤਕ ਬਣਿਆਂ ਹਾਂ ਜਾਂ ਇਸ ਵਿਸ਼ੇ ਬਾਰੇ ਡੂੰਘਾ ਮੁਤਾਲਿਆ ਕਰਨ ਮਗਰੋਂ ਅਤੇ ਗੰਭੀਰ ਸੋਚ ਵਿਚਾਰ ਮਗਰੋਂ ਨਾਸਤਕ ਬਣਿਆਂ ਹਾਂ ?— ਇਹ ਸਵਾਲ ਹੈ, ਜਿਸ ਬਾਰੇ ਮੈਂ ਇਥੇ ਚਰਚਾ ਕਰਨਾ ਚਾਹੁੰਦਾ ਹਾਂ। ਸਭ ਤੋਂ ਪਹਿਲਾਂ ਇਹ ਨਬੇੜਾ ਕਰ ਲਈਏ ਕਿ ਅਭਿਮਾਨ ਤੇ ਅਹੰਕਾਰ ਦੋ ਅਲੱਗ ਅਲੱਗ ਗੱਲਾਂ ਹੁੰਦੀਆਂ ਹਨ।

ਮੈਨੂੰ ਇਸ ਗੱਲ ਦੀ ਹੁਣ ਤਕ ਸਮਝ ਨਹੀਂ ਆਈ ਕਿ ਬੇਲੋੜਾ ਮਾਣ ਜਾਂ ਫੋਕਾ ਅਭਿਮਾਨ ਮਨੁੱਖ ਲਈ ਆਸਤਕਤਾ ਦੇ ਰਾਹ ਦਾ ਰੋੜਾ ਕਿਵੇਂ ਬਣ ਸਕਦੇ ਹਨ। ਮੈਂ ਕਿਸੇ ਸੁੱਚੀ-ਮੁੱਚੀ ਦੇ ਮਹਾਨ ਵਿਅਕਤੀ ਦੀ ਮਹਾਨਤਾ ਤੋਂ ਮੁਨਕਰ ਹੋ ਸਕਦਾ ਹਾਂ, ਬਸ਼ਰਤੇ ਕਿ ਮੈਨੂੰ ਐਵੇਂ ਰਾਹ ਜਾਂਦੇ ਹੀ ਸ਼ੁਹਰਤ ਹੱਥ ਲੱਗ ਗਈ ਹੋਵੇ ਜਾਂ ਮਹਾਨ ਹੋਣ ਲਈ ਸੱਚੀ-ਮੁੱਚੀ ਲੋੜੀਂਦੇ ਗੁਣ ਹੀ ਮੇਰੇ ਵਿਚ ਨਾ ਹੋਣ। ਇਹ ਗੱਲ ਸਮਝ ਪੈਂਦੀ ਹੈ, ਪਰ ਇਹ ਕਿਵੇਂ ਹੋ ਸਕਦਾ ਹੈ ਕਿ ਕੋਈ ਆਸਤਕ ਆਪਣੇ ਅਹੰਕਾਰ ਕਰਕੇ ਨਾਸਤਕ ਹੋ ਜਾਵੇ। ਸਿਰਫ ਦੋ ਗੱਲਾਂ ਹੋ ਸਕਦੀਆਂ ਹਨ : ਜਾਂ ਤਾਂ ਮਨੁੱਖ ਖੁਦ ਨੂੰ ਖੁਦਾ ਦਾ ਰਕੀਬ ਸਮਝਣਾ ਸ਼ੁਰੂ ਕਰ ਦਏ ਜਾਂ ਫਿਰ ਖੁਦ ਹੀ ਖੁਦਾ ਬਣ ਬੈਠੇ। ਦੋਹਾਂ ਹਾਲਤਾਂ ਵਿਚ ਉਹ ਸਹੀ ਨਾਸਤਕ ਨਹੀਂ ਹੋ ਸਕਦਾ। ਪਹਿਲੀ ਸੂਰਤ ਵਿਚ ਉਹ ਰਕੀਬ ਦੀ ਹੋਂਦ ਤੋਂ ਮੁਨਕਰ ਨਹੀਂ ਹੁੰਦਾ। ਦੂਸਰੀ ਸੂਰਤ ਵਿਚ ਵੀ ਉਹ ਸੁਚੇਤ-ਸੱਤਾ (Being) ਦੀ ਹੋਂਦ ਨੂੰ ਮੰਨਦਾ ਹੈ, ਜੋ ਪਰਦੇ ਪਿੱਛਿਉਂ ਸਾਰੀ ਪ੍ਰਕਿਤੀ ਨੂੰ ਚਲਾ ਰਹੀ ਹੈ। ਇਸ ਦੀ ਸਾਡੇ ਲਈ ਕੋਈ ਅਹਿਮੀਅਤ ਨਹੀਂ ਕਿ ਉਹ ਖੁਦ ਨੂੰ ਖੁਦਾ ਸਮਝਦਾ ਹੈ ਜਾਂ ਖੁਦਾ ਨੂੰ ਖੁਦ ਤੋਂ ਅਲੱਗ ਕੋਈ ਪਰਮ-ਸੱਤਾ ਮੰਨਦਾ ਹੈ। ਅਸਲ ਨੁਕਤਾ ਇਹ ਹੈ। ਦੋਹਾਂ ਹਾਲਤਾਂ ਵਿਚ ਉਹਦਾ ਰੱਬ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਕਿਸੇ ਤਰ੍ਹਾਂ ਵੀ ਨਾਸਤਕ ਨਹੀਂ। ਇਹੋ ਮੈਂ ਆਖਣਾ ਚਾਹੁੰਦਾ ਹਾਂ। ਮੈਂ ਉਪਰਲੀਆਂ ਦੋਹਾਂ ਕਿਸਮਾਂ ਵਿਚ ਨਹੀਂ ਆਉਂਦਾ। ਮੈਂ ਤਾਂ ਕਿਸੇ ਵੀ ਸਰਬ ਸ਼ਕਤੀਮਾਨ ਜਾਂ ਸਰਵੋਪਰੀ-ਸੱਤਾ ਦੀ ਹੋਂਦ ਤੋਂ ਮੂਲੋਂ ਹੀ ਇਨਕਾਰੀ ਹਾਂ। ਇੰਜ ਕਿਉਂ ਹੈ, ਮੈਂ ਇਹਦੇ ਬਾਰੇ ਅੱਗੇ ਚਲ ਕੇ ਵਿਚਾਰ-ਚਰਚਾ ਕਰਾਂਗਾ। ਇਥੇ ਮੈਂ ਇਹ ਗੱਲ ਸਪਸ਼ਟ ਕਰ ਦੇਣੀ ਚਾਹੁੰਦਾ ਹਾਂ ਕਿ ਮੈਂ ਅਹੰਕਾਰ ਕਾਰਣ ਨਾਸਤਕਤਾ ਦੇ ਸਿਧਾਂਤ ਦਾ ਧਾਰਨੀ ਨਹੀਂ ਹੋਇਆ। ਨਾ ਤਾਂ ਮੈਂ ਖੁਦਾ ਦਾ ਰਕੀਬ ਹਾਂ, ਨਾ ਕੋਈ ਰੱਬੀ ਅਵਤਾਰ ਤੇ ਨਾ ਮੈਂ ਹੀ ਆਪ ਪ੍ਰਮਾਤਮਾਂ ਹਾਂ। ਇਕ ਗੱਲ ਤਾਂ ਪੱਕੀ ਹੈ ਕਿ ਅਹੰਕਾਰ ਕਾਰਣ ਮੈਂ ਇਹ ਸੋਚਣੀ ਨਹੀਂ ਅਪਣਾਈ। ਇਸ ਇਲਜ਼ਾਮ ਦਾ ਜਵਾਬ ਦੇਣ ਲਈ ਮੈਂ ਤੱਥ ਬਿਆਨ ਕਰਦਾ ਹਾਂ। ਮੇਰੇ ਦੋਸਤ ਕਹਿੰਦੇ ਹਨ ਕਿ ਦਿੱਲੀ ਬੰਬ ਤੇ ਲਾਹੌਰ ਸਾਜ਼ਸ ਕੇਸਾਂ ਦੌਰਾਨ ਮੈਨੂੰ ਜਿਹੜੀ ਬੇਲੋੜੀ ਸ਼ੁਹਰਤ ਮਿਲੀ, ਉਸ ਕਾਰਣ ਮੇਰੇ ਵਿਚ ਫੋਕੀ ਸ਼ਾਨ ਆ ਗਈ ਹੈ। ਆਓ, ਆਪਾਂ ਦੇਖੀਏ ਕਿ ਉਨ੍ਹਾਂ ਦੇ ਕਥਨ ਕਿਥੋਂ ਤਕ ਠੀਕ ਹਨ। ਪਿਛੇ ਜਿਹੇ ਵਾਪਰੀਆਂ ਘਟਨਾਵਾਂ ਕਾਰਣ ਮੈਂ ਨਾਸਤਕ ਨਹੀਂ ਹੋਇਆ। ਮੈਂ ਤਾਂ

ਓਦੋਂ ਹੀ ਰੱਬ ਨੂੰ ਮੰਨਣੋਂ ਹਟ ਗਿਆ ਸੀ, ਜਦ ਮੈਂ ਨਾਮਾਲੂਮ ਨੌਜਵਾਨ ਸੀ, ਜਦ ਮੇਰੇ ਉਪਰੋਕਤ ਦੋਸਤ ਰੱਬ ਦੀ ਹੋਂਦ ਤੋਂ ਸੁਚੇਤ ਵੀ ਨਹੀਂ ਸਨ। ਘਟੋ ਘਟ ਕਾਲਜ ਦਾ ਕੋਈ ਵਿਦਿਆਰਥੀ ਏਨਾ ਅਭਿਮਾਨੀ ਨਹੀਂ ਹੋ ਸਕਦਾ ਕਿ ਉਹ ਨਾਸਤਕ ਹੋ ਜਾਏ। ਭਾਵੇਂ ਕੁਝ ਪ੍ਰੋਫੈਸਰ ਮੈਨੂੰ ਪਸੰਦ ਕਰਦੇ ਸਨ ਤੇ ਕੁਝ ਨਾਪਸੰਦ ਪਰ ਮੈਂ ਕਦੇ ਵੀ ਮਿਹਨਤੀ ਮੁੰਡਾ ਨਹੀਂ ਸੀ। ਅਹੰਕਾਰ ਵਰਗੇ ਵਿਚਾਰ ਰਖਣ ਦਾ ਮੈਨੂੰ ਕੋਈ ਮੌਕਾ ਨਹੀਂ ਮਿਲਿਆ ਸੀ। ਮੈਂ ਬਹੁਤ ਸੰਗਾਊ ਸੁਭਾਅ ਵਾਲਾ ਤੇ ਭਵਿੱਖ ਬਾਰੇ ਉਲਝਿਆ ਰਹਿਣ ਵਾਲਾ ਮੁੰਡਾ ਸੀ। ਤੇ ਉਨ੍ਹਾਂ ਦਿਨਾਂ ਵਿਚ ਮੈਂ ਪੱਕਾ ਨਾਸਤਕ ਨਹੀਂ ਸੀ। ਮੈਂ ਆਪਣੇ ਬਾਬਾ ਜੀ ਦੇ ਅਸਰ ਹੇਠ ਵੱਡਾ ਹੋਇਆ ਸੀ ਤੇ ਉਹ ਪੱਕੇ ਆਰੀਆ ਸਮਾਜੀ ਸਨ। ਕੋਈ ਆਰੀਆ ਸਮਾਜੀ ਹੋਰ ਤਾਂ ਸਭ ਕੁਝ ਹੋ ਸਕਦਾ ਹੈ, ਪਰ ਨਾਸਤਕ ਨਹੀਂ। ਮੈਂ ਆਪਣੀ ਪ੍ਰਾਇਮਰੀ ਦੀ ਪੜ੍ਹਾਈ ਮੁਕਾਕੇ ਲਾਹੌਰ ਦੇ ਡੀ. ਏ. ਵੀ. ਸਕੂਲ ਵਿਚ ਦਾਖਲ ਹੋ ਗਿਆ ਤੇ ਇਹਦੇ ਬੋਰਡਿੰਗ ਹਾਊਸ ਵਿਚ ਪੂਰਾ ਇਕ ਸਾਲ ਰਿਹਾ। ਓਥੇ ਸਵੇਰ ਤੇ ਤ੍ਰਿਕਾਲ-ਸੰਧਿਆ ਦੀਆਂ ਪ੍ਰਾਰਥਨਾਵਾਂ ਤੋਂ ਛੁੱਟ ਮੈਂ ਘੰਟਿਆਂ-ਬੱਧੀ ਗਾਇਤ੍ਰੀ ਮੰਤਰ ਦਾ ਜਾਪ ਕਰਦਾ ਹੁੰਦਾ ਸੀ। ਮੈਂ ਉਹਨਾਂ ਦਿਨਾਂ ਵਿਚ ਪੱਕਾ ਸ਼ਰਧਾਲੂ ਸੀ। ਫੇਰ ਮੈਂ ਆਪਣੇ ਪਿਤਾ ਜੀ ਨਾਲ ਰਹਿਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਧਾਰਮਕ ਦ੍ਰਿਸ਼ਟੀਕੋਣ ਉਦਾਰ ਸੀ। ਉਨ੍ਹਾਂ ਦੀਆਂ ਸਿਖਿਆਵਾਂ ਸਦਕਾ ਹੀ ਮੈਂ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਨੂੰ ਅਰਪੀ। ਪਰ ਉਹ ਨਾਸਤਕ ਨਹੀਂ ਹਨ। ਉਹਨਾਂ ਦਾ ਰੱਬ ਵਿਚ ਪੱਕਾ ਅਕੀਦਾ ਹੈ। ਮੈਨੂੰ ਉਹ ਹਰ ਰੋਜ਼ ਪ੍ਰਾਰਥਨਾ ਕਰਨ ਲਈ ਕਹਿੰਦੇ ਹੁੰਦੇ ਸਨ। ਸੋ ਮੇਰੀ ਪਰਵਰਿਸ਼ ਏਸ ਢੰਗ ਨਾਲ ਹੋਈ। ਨਾਮਿਲਵਰਤਣ ਦੇ ਦਿਨਾਂ ਦੌਰਾਨ ਮੈਂ ਨੈਸ਼ਨਲ ਕਾਲਜ ਵਿਚ ਦਾਖਲ ਹੋ ਗਿਆ। ਓਥੇ ਹੀ ਮੈਂ ਸਾਰੀਆਂ ਧਾਰਮਕ ਸਮੱਸਿਆਵਾਂ ਬਾਰੇ, ਇਥੋਂ ਤਕ ਕਿ ਰੱਬ ਬਾਰੇ ਵੀ ਖੁਲ੍ਹੇ ਤੌਰ ਤੇ ਸੋਚਣਾ ਤੇ ਇਨ੍ਹਾਂ ਬਾਰੇ ਵਿਚਾਰ-ਚਰਚਾ ਕਰਨੀ ਸ਼ੁਰੂ ਕਰ ਦਿੱਤੀ। ਪਰ ਮੇਰਾ ਓਦੋਂ ਵੀ ਰੱਬ ਵਿਚ ਪੱਕਾ ਵਿਸ਼ਵਾਸ ਸੀ। ਓਦੋਂ ਮੈਂ ਦਾੜ੍ਹੀ-ਕੇਸ ਰੱਖ ਲਏ ਸੀ, ਪਰ ਤਾਂ ਵੀ ਮੈਂ ਸਿੱਖੀ ਦੇ ਮਿਥਿਹਾਸ ਜਾਂ ਸਿਧਾਂਤ ਜਾਂ ਕਿਸੇ ਹੋਰ ਧਰਮ ਵਿਚ ਵਿਸ਼ਵਾਸ ਨਾ ਕਰ ਸਕਿਆ। ਪਰ ਰੱਬ ਦੀ ਹੋਂਦ ਵਿਚ ਮੇਰਾ ਪੱਕਾ ਵਿਸ਼ਵਾਸ ਸੀ।

ਫੇਰ ਮੈਂ ਇਨਕਲਾਬੀ ਪਾਰਟੀ ਵਿਚ ਸ਼ਾਮਲ ਹੋ ਗਿਆ। ਮੈਂ ਜਿਸ ਪਹਿਲੇ ਆਗੂ ਨੂੰ ਮਿਲਿਆ, ਉਹ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਹੌਸਲਾ ਤਕ ਨਹੀਂ ਕਰ ਸਕਦਾ ਸੀ, ਭਾਵੇਂ ਉਹ ਇਹਦੇ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਸੀ। ਮੈਂ ਉਹਦੇ ਕੋਲੋਂ ਰੱਬ ਬਾਰੇ ਵਾਰ-ਵਾਰ ਪੁੱਛਣਾ ਤਾਂ ਉਹਨੇ ਆਖ ਛੱਡਣਾ: "ਜਦ ਤੇਰਾ ਦਿਲ ਕਰੇ, ਰੱਬ ਨੂੰ ਧਿਆ ਲਿਆ ਕਰ।" ਨਾਸਤਕਤਾ ਦੇ ਸਿਧਾਂਤ ਨੂੰ ਮੰਨਣ ਲਈ ਜੋ ਹੌਸਲਾ ਚਾਹੀਦਾ ਹੈ, ਇਹ ਉਹ ਹੌਸਲੇ ਤੋਂ ਬਿਨਾਂ ਨਾਸਤਕਤਾ ਹੈ। ਮੈਂ ਜਿਸ ਦੂਜੇ ਆਗੂ ਨੂੰ ਮਿਲਿਆ, ਉਹਦਾ ਰੱਬ ਵਿਚ ਪੱਕਾ ਵਿਸ਼ਵਾਸ ਸੀ। ਮੈਂ ਤੁਹਾਨੂੰ ਉਹਦਾ ਨਾਂ ਦੱਸਦਾਂ—ਮਾਣਯੋਗ ਕਾਮਰੇਡ ਸ਼ਚੀਂਦ੍ਰ ਨਾਥ ਸਾਨਿਆਲ, ਜੋ ਹੁਣ ਕਰਾਚੀ ਸਾਜ਼ਸ਼ ਕੇਸ ਦੇ ਸੰਬੰਧ ਵਿਚ ਉਮਰ ਕੈਦ ਭੁਗਤ ਰਹੇ ਹਨ। ਉਨ੍ਹਾਂ ਦੀ ਪ੍ਰਸਿੱਧ ਤੇ ਇਕੋ ਇਕ ਕਿਤਾਬ ਬੰਦੀ ਜੀਵਨ ਵਿਚ ਪਹਿਲੇ ਸਫ਼ੇ ਤੋਂ ਹੀ ਰੱਬ ਦੀ ਸ਼ਾਨ ਦੀ ਜ਼ੋਰਦਾਰ ਮਹਿਮਾ ਗਾਈ ਗਈ ਹੈ। ਇਸ ਖੂਬਸੂਰਤ ਕਿਤਾਬ ਦੇ ਦੂਜੇ ਭਾਗ ਦੇ ਆਖਰੀ ਸਫ਼ੇ ਵਿਚ ਉਹਦੀ ਵੇਦਾਂਤਵਾਦ ਕਾਰਣ ਰੱਬ ਦੀ ਅਧਿਆਤਮਕ ਮਹਿਮਾ ਉਨ੍ਹਾਂ ਦੇ ਵਿਚਾਰਾਂ ਦਾ ਸਾਰ ਹੈ। ਇਸਤਗਾਸੇ ਦੀ ਕਹਾਣੀ ਮੁਤਾਬਕ ਜੋ ਇਨਕਲਾਬੀ ਪਰਚਾ 28 ਜਨਵਰੀ 1925 ਨੂੰ ਹਿੰਦੁਸਤਾਨ ਭਰ ਵਿਚ ਵੰਡਿਆ ਗਿਆ ਸੀ ਉਹ ਇਨ੍ਹਾਂ ਦੇ ਦਿਮਾਗ ਦਾ ਸਿੱਟਾ ਸੀ। ਜਿਵੇਂ ਹੁੰਦਾ ਹੀ ਹੈ ਕਿ ਗੁਪਤ ਸਰਗਰਮੀ ਵਿਚ ਕੋਈ ਉੱਘਾ ਆਗੂ ਆਪਣੇ ਵਿਚਾਰ ਪ੍ਰਗਟਾਉਂਦਾ ਹੈ, ਜੋ ਕਿ ਉਹਨੂੰ ਬੜੇ ਪਿਆਰੇ ਹੁੰਦੇ ਹਨ ਅਤੇ ਦੂਜੇ ਕਾਰਕੁਨਾਂ ਨੂੰ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣੀ ਪੈਂਦੀ ਹੈ।

ਉਸ ਪਰਚੇ ਵਿਚ ਇਕ ਪੂਰਾ ਪੈਰਾ ਸਰਵੇਸ਼ਰ ਤੇ ਉਹਦੀਆਂ ਲੀਲਾਵਾਂ ਬਾਰੇ ਸੀ। ਇਹ ਰਹੱਸਵਾਦ ਹੈ। ਮੈਂ ਆਖਣਾ ਇਹ ਚਾਹੁੰਦਾ ਹਾਂ ਕਿ ਓਦੋਂ ਇਨਕਲਾਬੀ ਪਾਰਟੀ ਵਿਚ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਦਾ ਵਿਚਾਰ ਪੈਦਾ ਵੀ ਨਹੀਂ ਹੋਇਆ ਸੀ। ਕਾਕੋਰੀ ਦੇ ਉਘੇ ਚਾਰ ਸ਼ਹੀਦਾਂ ਨੇ ਆਪਣਾ ਅੰਤਿਮ ਦਿਨ ਪ੍ਰਾਰਥਨਾ/ਦੁਆ ਕਰਦਿਆਂ ਲੰਘਾਇਆ ਸੀ। ਰਾਮ ਪ੍ਰਸ਼ਾਦ ਬਿਸਮਿਲ ਪੱਕੇ ਆਰੀਆ ਸਮਾਜੀ ਸਨ। ਸਮਾਜਵਾਦ ਤੇ ਸਾਮਵਾਦ ਦੇ ਖੇਤਰ ਵਿਚ ਆਪਣੇ ਡੂੰਘੇ ਅਧਿਅਨ ਦੇ ਬਾਵਜੂਦ ਵੀ ਰਾਜਨ ਲਾਹਿੜੀ ਕੋਲੋਂ ਉਪਨਿਸ਼ਦਾਂ ਦੇ ਮੰਤ੍ਰ ਉਚਾਰਨ ਤੇ ਗੀਤਾ ਦਾ ਪਾਠ ਕਰਨ ਤੋਂ ਰਿਹਾ ਨਾ ਗਿਆ। ਉਨ੍ਹਾਂ ਸਾਰਿਆਂ ਵਿਚ ਮੈਂ ਇਕੋ ਬੰਦਾ ਦੇਖਿਆ ਸੀ, ਜਿਹਨੇ ਕਦੇ ਵੀ ਪ੍ਰਾਰਥਨਾ ਨਹੀਂ ਕੀਤੀ ਸੀ ਤੇ ਉਹ ਕਿਹਾ ਕਰਦਾ ਸੀ, "(ਧਾਰਮਕ) ਫਲਸਫਾ ਮਨੁੱਖੀ ਕਮਜ਼ੋਰੀ ਜਾਂ ਸੀਮਤ ਗਿਆਨ ਦਾ ਸਿੱਟਾ ਹੈ।" ਇਹ ਬੰਦਾ ਵੀ ਉਮਰ ਕੈਦ ਭੁਗਤ ਰਿਹਾ ਹੈ। ਪਰ ਇਹਨੂੰ ਵੀ ਕਦੇ ਆਖਣ ਦੀ ਹਿੰਮਤ ਨਾ ਪਈ ਕਿ ਰੱਬ ਨਹੀਂ ਹੈ।

ਉਸ ਅਰਸੇ ਤਕ ਮੈਂ ਸਿਰਫ਼ ਰੋਮਾਂਟਕ ਵਿਚਾਰਵਾਦੀ ਇਨਕਲਾਬੀ ਸੀ। ਉਦੋਂ ਤੱਕ ਤਾਂ ਅਸੀਂ ਸਿਰਫ਼ ਅਨੁਯਾਈ ਹੀ ਸਾਂ। ਫੇਰ ਸਾਰੀ ਜ਼ਿੰਮੇਵਾਰੀ ਆਪਣੇ ਮੋਢਿਆਂ ਉਤੇ ਲੈਣ ਦਾ ਵੇਲਾ ਆਇਆ। ਕੁਝ ਚਿਰ ਪਾਰਟੀ ਦੀ ਅਟੱਲ ਵਿਰੋਧਤਾ ਕਾਰਣ ਇਹਦੀ ਹੋਂਦ ਹੀ ਖ਼ਤਰੇ ਵਿਚ ਸੀ। ਜੋਸ਼ ਨਾਲ ਭਰੇ ਕਾਮਰੇਡ—ਨਹੀਂ ਸਗੋਂ ਆਗੂ ਵੀ—ਸਾਡਾ ਮਜ਼ਾਕ ਉਡਾਉਣ ਲੱਗੇ। ਕੁਝ ਚਿਰ ਮੈਨੂੰ ਵੀ ਸੰਸਾ ਰਿਹਾ ਕਿ ਕਿਸੇ ਦਿਨ ਮੈਨੂੰ ਵੀ ਆਪਣੀ ਪਾਰਟੀ ਦੇ ਪ੍ਰੋਗਰਾਮ ਦੀ ਨਿਸਫਲਤਾ ਦਾ ਯਕੀਨ ਹੋ ਜਾਏਗਾ। ਇਹ ਮੇਰੇ ਇਨਕਲਾਬੀ—ਜੀਵਨ (ਕੈਰੀਅਰ) ਵਿਚ ਆਇਆ ਵੱਡਾ ਮੋੜ ਸੀ। "ਅਧਿਅਨ ਕਰਨ" ਦੇ ਅਹਿਸਾਸ ਦੀਆਂ ਤਰੰਗਾਂ ਮੇਰੇ ਮਨ ਵਿਚ ਉਭਰਦੀਆਂ ਰਹੀਆਂ। ਅਧਿਅਨ ਕਰ, ਤਾਂ ਕਿ ਤੂੰ ਆਪਣੇ ਵਿਰੋਧੀਆਂ ਦੀਆਂ ਦਲੀਲਾਂ ਦਾ ਜਵਾਬ ਦੇ ਸਕਣ ਦੇ ਯੋਗ ਹੋ ਜਾਏਂ। ਆਪਣੇ ਸਿਧਾਂਤ ਦੀ ਹਿਮਾਇਤ ਵਿਚ ਦਲੀਲਾਂ ਨਾਲ ਆਪਣੇ ਆਪ ਨੂੰ ਲੈਸ ਕਰਨ ਲਈ ਅਧਿਅਨ ਕਰ! ਮੈਂ ਅਧਿਅਨ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਪਹਿਲੇ ਅਕੀਦੇ ਤੇ ਵਿਸ਼ਵਾਸਾਂ ਵਿਚ ਬਹੁਤ ਵੱਡੀ ਤਬਦੀਲੀ ਆ ਗਈ। ਸਾਡੇ ਤੋਂ ਪਹਿਲਾਂ ਦੇ ਇਨਕਲਾਬੀਆਂ ਵਿਚ ਸਿਰਫ਼ ਤਸ਼ੱਦਦ ਦੇ ਤੌਰ-ਤਰੀਕਿਆਂ ਦਾ ਰੋਮਾਂਸ ਏਨਾ ਭਾਰੂ ਸੀ, ਹੁਣ ਉਹਦੀ ਥਾਂ ਗੰਭੀਰ ਵਿਚਾਰਾਂ ਨੇ ਲੈ ਲਈ। ਹੁਣ ਰਹੱਸਵਾਦ ਵਾਸਤੇ ਅੰਧ-ਵਿਸ਼ਵਾਸ ਵਾਸਤੇ ਕੋਈ ਥਾਂ ਨਾ ਰਹੀ। ਯਥਾਰਥਵਾਦ ਸਾਡਾ ਸਿਧਾਂਤ ਹੋ ਗਿਆ। ਸਖ਼ਤ ਲੋੜ ਵੇਲੇ ਤਾਕਤ ਦੀ ਵਰਤੋਂ ਜਾਇਜ਼ ਹੈ: ਅਹਿੰਸਾ ਸਾਰੀਆਂ ਜਨਤਕ ਲਹਿਰਾਂ ਦੀ ਅਟੁੱਟ ਨੀਤੀ ਹੈ। ਮੈਂ ਤੌਰ-ਤਰੀਕਿਆਂ ਬਾਰੇ ਕਾਫ਼ੀ ਆਖ ਚੁੱਕਾ ਹਾਂ। ਸਭ ਤੋਂ ਅਹਿਮ ਇਹ ਗੱਲ ਸੀ ਕਿ ਜਿਸ ਆਦਰਸ਼ ਵਾਸਤੇ ਅਸੀਂ ਜੂਝਣਾ ਹੈ, ਉਹਦਾ ਸਪਸ਼ਟ ਸੰਕਲਪ ਸਾਡੇ ਸਾਹਮਣੇ ਹੋਵੇ। ਕਿਉਂਕਿ ਐਕਸ਼ਨ ਵਜੋਂ ਕੋਈ ਖ਼ਾਸ ਸਰਗਰਮੀਆਂ ਨਹੀਂ ਹੋ ਰਹੀਆਂ ਸਨ, ਇਸ ਲਈ ਮੈਨੂੰ ਸੰਸਾਰ—ਇਨਕਲਾਬ ਦੇ ਵੱਖ-ਵੱਖ ਆਦਰਸ਼ਾਂ ਦੇ ਅਧਿਅਨ ਵਾਸਤੇ ਕਾਫ਼ੀ ਮੌਕਾ ਮਿਲ ਗਿਆ। ਮੈਂ ਅਰਾਜਕਤਾਵਾਦੀ ਆਗੂ ਬਾਕੂਨਿਨ* ਨੂੰ ਪੜ੍ਹਿਆ। ਸਮਾਜਵਾਦ ਦੇ ਪਿਤਾਮਾ ਮਾਰਕਸ ਦੀਆਂ ਕੁਝ ਲਿਖਤਾਂ ਪੜ੍ਹੀਆਂ ਅਤੇ ਲੈਨਿਨ, ਟਰਾਟਸਕੀ[1] ਤੇ ਆਪਣੇ ਦੇਸ਼ਾਂ ਵਿਚ ਸਫਲ ਇਨਕਲਾਬ ਲਿਆਉਣ ਵਾਲੇ ਹੋਰ ਵਿਅਕਤੀਆਂ ਨੂੰ ਪੜ੍ਹਿਆ। ਇਹ ਸਾਰੇ ਨਾਸਤਕ ਸਨ। ਬਾਕੂਨਿਨ[2] ਦੀ ਕਿਤਾਬ ਗੌਡ ਐਂਡ ਸਟੇਟ (ਰੱਬ ਤੇ ਰਿਆਸਤਾਂ) ਭਾਵੇਂ ਅਧੂਰੀ ਜਿਹੀ ਹੈ, ਪਰ ਇਹ ਇਸ ਵਿਸ਼ੇ ਦਾ ਦਿਲਚਸਪ ਅਧਿਅਨ ਹੈ। ਇਸ ਤੋਂ ਮਗਰੋਂ ਮੈਨੂੰ ਨਿਰਲੰਬ ਸਵਾਮੀ ਦੀ ਲਿਖੀ ਕਿਤਾਬ ਕੌਮਨ ਸੈਂਸ (ਸਾਧਾਰਣ ਗਿਆਨ) ਹੱਥ ਲੱਗੀ। ਇਸ ਕਿਤਾਬ ਵਿਚ ਅਧਿਆਤਮਕ ਨਾਸਤਕਵਾਦ ਸੀ। ਇਸ ਵਿਸ਼ੇ ਵਿਚ ਮੇਰੀ ਬਹੁਤ ਜ਼ਿਆਦਾ ਦਿਲਚਸਪੀ ਹੋ ਗਈ। 1926 ਦੇ ਅਖੀਰ ਤਕ ਮੇਰਾ ਇਹ ਵਿਸ਼ਵਾਸ ਪੱਕਾ ਹੋ ਚੁੱਕਾ ਸੀ ਕਿ ਬ੍ਰਹਮੰਡ ਦੇ ਸਿਰਜਨ, ਪਾਲਣਹਾਰ ਤੇ ਸਰਬ ਸ਼ਕਤੀਮਾਨ ਦੀ ਹੋਂਦ ਦਾ ਸਿਧਾਂਤ ਬੇਬੁਨਿਆਦ ਹੈ। ਮੈਂ ਇਸ ਵਿਸ਼ੇ ਬਾਰੇ ਆਪਣੇ ਦੋਸਤਾਂ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ।

ਮੈਂ ਏਲਾਨੀਆਂ ਨਾਸਤਕ ਹੋ ਚੁਕਾ ਸੀ। ਪਰ ਨਾਸਤਕ ਹੋਣ ਦਾ ਅਰਥ ਮੈਂ ਹੇਠਾਂ ਬਿਆਨ ਕਰਦਾ ਹਾਂ।

ਮਈ 1927 ਵਿਚ ਮੈਂ ਲਾਹੌਰ ਵਿਚ ਗ੍ਰਿਫ਼ਤਾਰ ਹੋਇਆ। ਮੇਰੀ ਗ੍ਰਿਫ਼ਤਾਰੀ ਮੇਰੇ ਲਈ ਬੜੀ ਹੈਰਾਨੀ ਵਾਲੀ ਗੱਲ ਸੀ। ਮੈਨੂੰ ਅਸਲੋਂ ਹੀ ਕੋਈ ਸਾਰ ਨਹੀਂ ਸੀ ਕਿ ਪੁਲਸ ਮੇਰੇ ਪਿਛੇ ਲੱਗੀ ਹੋਈ ਹੈ। ਜਦ ਮੈਂ ਕਿਸੇ ਬਾਗ ਵਿਚ ਦੀ ਲੰਘ ਰਿਹਾ ਸੀ ਤਾਂ ਅਚਾਨਕ ਮੈਂ ਕੀ ਦੇਖਿਆ ਕਿ ਪੁਲਸ ਨੇ ਮੈਨੂੰ ਘੇਰਿਆ ਹੋਇਆ ਹੈ। ਮੈਨੂੰ ਆਪ ਹੈਰਾਨੀ ਹੁੰਦੀ ਹੈ, ਕਿ ਮੈਂ ਉਦੋਂ ਬਹੁਤ ਤਹੱਮਲ ਨਾਲ ਪੇਸ਼ ਆਇਆ ਸੀ। ਮੈਨੂੰ ਕੋਈ ਘਬਰਾਹਟ ਨਾ ਹੋਈ ਤੇ ਨਾ ਹੀ ਮੈਂ ਉਤੇਜਿਤ ਹੋਇਆ। ਮੈਨੂੰ ਪੁਲਸ ਹਿਰਾਸਤ ਵਿਚ ਲਿਆ ਗਿਆ। ਅਗਲੇ ਦਿਨ ਉਹ ਮੈਨੂੰ ਰੇਲਵੇ ਪੁਲਸ ਜੇਲ੍ਹ ਵਿਚ ਲੈ ਗਏ, ਜਿਥੇ ਮੈਂ ਪੂਰਾ ਮਹੀਨਾ ਕੱਟਿਆ। ਪੁਲਸ ਅਫ਼ਸਰਾਂ ਨਾਲ ਕਿੰਨੇ ਦਿਨਾਂ ਦੀ ਗੱਲਬਾਤ ਮਗਰੋਂ ਮੈਂ ਅੰਦਾਜ਼ਾ ਲਾਇਆ ਕਿ ਉਨ੍ਹਾਂ ਨੂੰ ਕਾਕੋਰੀ ਪਾਰਟੀ ਨਾਲ ਮੇਰੇ ਸੰਬੰਧਾਂ ਬਾਰੇ ਤੇ ਇਨਕਲਾਬੀ ਲਹਿਰ ਨਾਲ ਸੰਬੰਧਤ ਮੇਰੀਆਂ ਹੋਰ ਸਰਗਰਮੀਆਂ ਬਾਰੇ ਕੁਝ ਜਾਣਕਾਰੀ ਹੈ। ਉਨ੍ਹਾਂ ਨੇ ਮੈਨੂੰ ਦਸਿਆ ਕਿ (ਕਾਕੋਰੀ) ਮੁਕੱਦਮੇ ਦੀ ਸਮਾਇਤ ਦੌਰਾਨ ਮੈਂ ਲਖਨਊ ਵਿਚ ਸੀ, ਕਿ ਮੈਂ ਉਨ੍ਹਾਂ ਨਾਲ (ਕਾਕੋਰੀ ਮੁਲਜ਼ਮ—ਅਨੁ.) ਉਨ੍ਹਾਂ ਨੂੰ ਫ਼ਰਾਰ ਕਰਨ ਦੀ ਕੋਈ ਵਿਉਂਤ ਬਣਾਈ ਸੀ ਅਤੇ ਉਨ੍ਹਾਂ ਦੀ ਮਨਜ਼ੂਰੀ ਮਿਲਣ ਮਗਰੋਂ ਅਸੀਂ ਕੁਝ ਬੰਬ ਇਕੱਠੇ ਕੀਤੇ ਸਨ ਅਤੇ ਇਹ ਕਿ ਅਜ਼ਮਾਇਸ਼ ਵਾਸਤੇ ਉਨ੍ਹਾਂ ਵਿਚੋਂ ਇਕ ਬੰਬ 1926 ਦੇ ਦੁਸਹਿਰੇ ਦੇ ਮੌਕੇ ਉਤੇ ਭੀੜ ਵਿਚ ਸੁੱਟਿਆ ਸੀ। ਉਨ੍ਹਾਂ ਨੇ ਮੇਰੇ ਹਿੱਤ ਵਾਸਤੇ ਮੈਨੂੰ ਇਹ ਵੀ ਦਸਿਆ ਕਿ ਜੇ ਮੈਂ ਇਨਕਲਾਬੀ ਪਾਰਟੀ ਦੀਆਂ ਸਰਗਰਮੀਆਂ ਬਾਰੇ ਕੋਈ ਬਿਆਨ ਦੇ ਦੇਵਾਂ, ਤਾਂ ਮੈਨੂੰ ਕੈਦ ਨਹੀਂ ਹੋਏਗੀ। ਸਗੋਂ ਉਹ ਮੈਨੂੰ ਰਿਹਾ ਕਰ ਦੇਣਗੇ ਤੇ ਇਨਾਮ ਦੇਣਗੇ ਤੇ ਮੈਨੂੰ ਅਦਾਲਤ ਵਿਚ ਵਾਅਦਾ ਮੁਆਫ਼ ਵਜੋਂ ਪੇਸ਼ ਨਹੀਂ ਕਰਨਗੇ। ਮੈਂ ਉਨ੍ਹਾਂ ਦੀ ਇਸ ਤਜਵੀਜ਼ ਉਤੇ ਹੱਸ ਛੱਡਿਆ। ਇਹ ਸਰਾਸਰ ਧੋਖਾ ਸੀ। ਸਾਡੇ ਵਿਚਾਰਾਂ ਵਾਲੇ ਲੋਕ ਕਦੇ ਵੀ ਆਪਣੇ ਮਾਸੂਮ ਲੋਕਾਂ ਉਤੇ ਬੰਬ ਨਹੀਂ ਸੁੱਟਦੇ। ਇਕ ਦਿਨ ਸਵੇਰੇ ਮਿਸਟਰ ਨੀਊਮੈਨ ਮੇਰੇ ਕੋਲ ਆਇਆ, ਜੋ ਉਹਨੀਂ ਦਿਨੀਂ ਸੀ. ਆਈ. ਡੀ. ਦਾ ਸੀਨੀਅਰ ਸੁਪਰੰਟੈਂਡੰਟ ਹੁੰਦਾ ਸੀ। ਉਹਨੇ ਮੇਰੇ ਨਾਲ ਲੰਮੀ ਚੌੜੀ ਹਮਦਰਦ ਗੱਲਬਾਤ ਮਗਰੋਂ ਆਪਣੇ ਚਿੱਤੋਂ ਮੈਨੂੰ ਬੜੀ ਮਾੜੀ ਖ਼ਬਰ ਦਿਤੀ ਕਿ ਜੇ ਮੈਂ ਉਨ੍ਹਾਂ ਦੀ ਮਰਜ਼ੀ ਮੁਤਾਬਕ ਕੋਈ ਬਿਆਨ ਨਾ ਦਿਤਾ, ਤਾਂ ਉਹ ਮੇਰੇ ਉਤੇ ਕਾਕੋਰੀ ਮੁਕੱਦਮੇ ਦੇ ਸੰਬੰਧ ਵਿਚ ਜੰਗ ਛੇੜਨ ਦੀ ਸਾਜ਼ਸ਼ ਅਤੇ ਦੁਸਹਿਰਾ ਬੰਬ ਸਾਕੇ ਦੇ ਵਹਿਸ਼ੀ ਕਤਲਾਂ ਦਾ ਮੁਕੱਦਮਾ ਚਲਾਉਣ ਲਈ ਮਜਬੂਰ ਹੋਣਗੇ। ਫੇਰ ਉਹ ਮੈਨੂੰ ਆਖਣ ਲੱਗਾ ਕਿ ਮੈਨੂੰ ਸਜ਼ਾ ਦਿਵਾਉਣ ਤੇ ਫਾਹੇ ਲਾਉਣ ਲਈ ਉਨ੍ਹਾਂ ਕੋਲ ਗਵਾਹੀ ਮੌਜੂਦ ਹੈ। ਉਹਨੀ ਦਿਨੀਂ ਮੇਰਾ ਵਿਸ਼ਵਾਸ ਸੀ—ਭਾਵੇਂ ਮੈਂ ਬਿਲਕੁਲ ਮਾਸੂਮ ਸੀ—ਕਿ ਪੁਲਸ ਜੋ ਚਾਹਵੇ ਕਰ ਸਕਦੀ ਹੈ। ਉਸੇ ਦਿਨ ਕੁਝ ਪੁਲਸ ਅਫ਼ਸਰ ਦੋਵੇਂ ਵੇਲੇ ਰੱਬ ਦਾ ਨਾਂ ਲੈਣ ਲਈ ਮੈਨੂੰ ਪਰੇਰਣ ਲੱਗ ਪਏ। ਮੈਂ ਤਾਂ ਨਾਸਤਕ ਸੀ। ਮੈਂ ਆਪਣੇ ਆਪ ਨਾਲ ਫ਼ੈਸਲਾ ਕਰਨਾ ਚਾਹੁੰਦਾ ਸਾਂ ਕਿ ਕੀ ਮੈਂ ਅਮਨਚੈਨ ਤੇ ਖ਼ੁਸ਼ੀ ਦੇ ਦਿਨਾਂ ਵਿਚ ਨਾਸਤਕ ਹੋਣ ਦੀ ਫੜ ਮਾਰ ਸਕਦਾ ਹਾਂ ਜਾਂ ਇਹੋ ਜਿਹੀ ਔਖੀ ਘੜੀ ਵਿਚ ਵੀ ਮੈਂ ਆਪਣੇ ਅਸੂਲਾਂ ਉਤੇ ਸਾਬਤ ਕਦਮ ਰਹਿ ਸਕਦਾ ਹਾਂ ਜਾਂ ਨਹੀਂ। ਬੜੀ ਸੋਚ-ਵਿਚਾਰ ਮਗਰੋਂ ਮੈਂ ਫ਼ੈਸਲਾ ਕੀਤਾ ਕਿ ਮੈਂ ਰੱਬ ਵਿਚ ਯਕੀਨ ਨਹੀਂ ਕਰ ਸਕਦਾ ਤੇ ਨਾ ਹੀ ਅਰਦਾਸ ਕਰ ਸਕਦਾ ਹਾਂ। ਮੈਂ ਕਦੇ ਵੀ ਅਰਦਾਸ ਨਾ ਕੀਤੀ। ਇਹ ਪਰਖ ਦੀ ਘੜੀ ਸੀ ਤੇ ਮੈਂ ਇਸ ਪਰਖ ਵਿਚ ਕਾਮਯਾਬ ਰਿਹਾ। ਮੈਂ ਕਦੇ ਇਕ ਪਲ ਵੀ ਕਿਸੇ ਦੀ ਕੀਮਤ ਉਤੇ ਆਪਣੀ ਜਾਨ ਬਚਾਉਣ ਬਾਰੇ ਨਹੀਂ ਸੋਚਿਆ ਸੀ। ਸੋ ਮੈਂ ਪੱਕਾ ਨਾਸਤਕ ਸੀ। ਤੇ ਉਦੋਂ ਤੋਂ ਲੈ ਕੇ ਹੁਣ ਤਕ ਹਾਂ। ਉਸ ਅਜ਼ਮਾਇਸ਼ ਵਿਚ ਪੂਰਾ ਉਤਰਨਾ ਕੋਈ ਸੌਖੀ ਗੱਲ ਨਹੀਂ ਸੀ। 'ਵਿਸ਼ਵਾਸ' ਮੁਸ਼ਕਿਲਾਂ ਨੂੰ ਘੱਟ ਕਰ ਦੇਂਦਾ ਹੈ, ਇਥੋਂ ਤਕ ਕਿ ਉਨ੍ਹਾਂ ਨੂੰ ਖ਼ੁਸ਼ਗਵਾਰ ਬਣਾ ਦਿੰਦਾ ਹੈ। ਬੰਦਾ ਰੱਬ ਵਿਚ ਧਰਵਾਸ ਤੇ ਆਸਰੇ ਦਾ ਬਹੁਤ ਜ਼ੋਰਦਾਰ ਅਹਿਸਾਸ ਲੱਭ ਸਕਦਾ ਹੈ। ਉਹਦੇ ਤੋਂ ਬਿਨਾਂ ਮਨੁੱਖ ਨੂੰ ਆਪਣੇ ਆਪ ਉਤੇ ਨਿਰਭਰ ਹੋਣਾ ਪੈਂਦਾ ਹੈ। ਝੱਖੜ-ਝਾਂਜਿਆ ਤੇ ਤੂਫ਼ਾਨਾਂ ਵਿਚ ਸਾਬਤ-ਕਦਮ ਰਹਿਣਾ ਬੱਚਿਆਂ ਦੀ ਖੇਡ ਨਹੀਂ ਹੁੰਦੀ। ਇਹੋ ਜਿਹੀਆਂ ਅਜ਼ਮਾਇਸ਼ੀ ਘੜੀਆਂ ਵਿਚ ਕਿਸੇ ਵਿਚ ਕੋਈ ਹਉਮੈ ਬਚੀ ਹੋਈ ਹੋਵੇ ਤਾਂ ਉਹ ਕਾਫ਼ੂਰ ਹੋ ਜਾਂਦੀ ਹੈ ਅਤੇ ਮਨੁੱਖ ਆਮ ਵਿਸ਼ਵਾਸਾਂ ਨੂੰ ਉਲੰਘਣ ਦੀ ਹਿੰਮਤ ਤਕ ਨਹੀਂ ਕਰ ਸਕਦਾ। ਜੇ ਉਹ ਹਿੰਮਤ ਕਰਦਾ ਹੈ, ਤਾਂ ਸਾਨੂੰ ਇਹ ਕਹਿਣਾ ਪਏਗਾ ਕਿ ਉਸ ਵਿਚ ਨਿਰੀ ਹਉਮੈ ਨਾਲੋਂ ਹੋਰ ਕੋਈ ਤਾਕਤ ਵੀ ਹੁੰਦੀ ਹੋਣੀ ਹੈ। ਹੁਣ ਬਿਲਕੁਲ ਇਹੀ ਹਾਲਤ ਹੈ। ਪਹਿਲਾਂ ਹੀ ਚੰਗੀ ਤਰ੍ਹਾਂ ਪਤਾ ਹੈ ਕਿ (ਸਾਡੇ ਮੁਕੱਦਮੇ ਦਾ) ਕੀ ਫ਼ੈਸਲਾ ਹੋਏਗਾ। ਹਫ਼ਤੇ ਦੇ ਵਿਚ-ਵਿਚ ਫ਼ੈਸਲਾ ਸੁਣਾ ਦਿਤਾ ਜਾਏਗਾ। ਮੈਂ ਆਪਣੀ ਜ਼ਿੰਦਗੀ ਆਦਰਸ਼ ਖ਼ਾਤਰ ਕੁਰਬਾਨ ਕਰ ਦੇਣੀ ਹੈ, ਇਸ ਖ਼ਿਆਲ ਤੋਂ ਬਿਨਾਂ ਮੇਰਾ ਹੋਰ ਕਿਹੜਾ ਧਰਵਾਸ ਹੈ ? ਕਿਸੇ ਆਸਤਕ ਹਿੰਦੂ ਨੂੰ ਤਾਂ ਦੂਜੇ ਜਨਮ ਵਿਚ ਬਾਦਸ਼ਾਹ ਬਣਨ ਦੀ ਆਸ ਹੋ ਸਕਦੀ ਹੈ; ਕੋਈ ਮੁਸਲਮਾਨ ਜਾਂ ਈਸਾਈ ਤਾਂ ਆਪਣੀਆਂ ਮੁਸ਼ਕਲਾਂ ਤੇ ਕੁਰਬਾਨੀਆਂ ਬਦਲੇ ਸਵਰਗ ਦੀਆਂ ਐਸ਼ੋਇਸ਼ਰਤਾਂ ਦੀ ਕਲਪਨਾ ਕਰ ਸਕਦਾ ਹੈ। ਪਰ ਮੈਂ ਕਿਸ ਗੱਲ ਦੀ ਆਸ ਰੱਖਾਂ ? ਮੈਨੂੰ ਪਤਾ ਹੈ ਕਿ ਜਿਸ ਪਲ ਮੇਰੇ ਗਲ ਵਿਚ ਫ਼ਾਂਸੀ ਦਾ ਫੰਦਾ ਪਾ ਦਿਤਾ ਜਾਏਗਾ ਤੇ ਮੇਰੇ ਪੈਰਾਂ ਹੇਠੋਂ ਤਖ਼ਤੇ ਖੋਲ੍ਹ ਦਿਤੇ ਗਏ, ਤਾਂ ਉਹ ਮੇਰਾ ਆਖ਼ਰੀ ਪਲ ਹੋਏਗਾ। ਮੇਰਾ, ਜਾਂ ਵੇਦਾਂ ਤਕ ਸ਼ਬਦਾਵਲੀ ਵਿਚ ਆਖੀਏ ਤਾਂ, ਮੇਰੀ ਆਤਮਾ ਦਾ ਬਿਲਕੁਲ ਖ਼ਾਤਮਾ ਹੋ ਜਾਏਗਾ। ਇਸ ਪਲ ਮਗਰੋਂ ਕੁਝ ਵੀ ਨਹੀਂ ਹੋਏਗਾ। ਜੇ ਮੈਂ ਇਨਾਮ ਦੇ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਹਿੰਮਤ ਕਰਾਂ ਤਾਂ ਸ਼ਾਨਦਾਰ ਅੰਤ ਤੋਂ ਵਾਂਝੀ ਜਦੋ-ਜਹਿਦ ਭਰੀ ਮੁਖ਼ਤਸਰ ਜ਼ਿੰਦਗੀ ਹੀ ਆਪਣੇ ਆਪ ਵਿਚ (ਮੇਰਾ) ਇਨਾਮ ਹੋਏਗੀ। ਇਸ ਤੋਂ ਵਧ ਕੁਝ ਨਹੀਂ। ਹੁਣ ਜਾਂ ਕਦੇ ਵੀ ਕੁਝ ਹਾਸਲ ਕਰ ਸਕਣ ਦੀ ਕਿਸੇ ਵੀ ਖ਼ੁਦਗਰਜ਼ੀ ਤੋਂ ਬਿਨਾਂ ਮੈਂ ਕਾਫ਼ੀ ਬੇਲਾਗ ਹੋ ਕੇ ਆਪਣੀ ਜ਼ਿੰਦਗੀ ਆਜ਼ਾਦੀ ਦੇ ਆਦਰਸ਼ ਦੇ ਲੇਖੇ ਲਾਈ ਹੈ, ਕਿਉਂਕਿ ਮੇਰੇ ਕੋਲ ਇਸ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਸੀ। ਜਿਸ ਦਿਨ ਮਨੁੱਖਤਾ ਦੀ ਸੇਵਾ ਤੇ ਦੁੱਖ ਝਾਗ ਰਹੀ ਮਨੁੱਖਤਾ ਦੇ ਨਜਾਤ ਦੀ ਭਾਵਨਾ ਨਾਲ ਬਹੁਤ ਸਾਰੇ ਮਰਦ-ਔਰਤਾਂ ਅੱਗੇ ਆ ਗਏ, ਉਸ ਦਿਨ ਤੋਂ ਅਜ਼ਾਦੀ ਦਾ ਯੁਗ ਸ਼ੁਰੂ ਹੋਵੇਗਾ। ਉਹ ਦਮਨਕਾਰੀਆਂ, ਲੋਟੂਆਂ ਤੇ ਜ਼ਾਲਮਾਂ ਨੂੰ ਏਸ ਗਲੋਂ ਨਹੀਂ ਵੰਗਾਰਨਗੇ ਕਿ ਉਹ ਇਸ ਜਾਂ ਅਗਲੇ ਜਨਮ ਵਿਚ ਜਾਂ ਮੌਤ ਮਗਰੋਂ ਬਹਿਸ਼ਤ ਵਿਚ ਬਾਦਸ਼ਾਹ ਬਣ ਜਾਣਗੇ ਜਾਂ ਉਨ੍ਹਾਂ ਨੂੰ ਕੋਈ ਇਨਾਮ ਮਿਲ ਜਾਏਗਾ; ਸਗੋਂ ਮਨੁੱਖਤਾ ਦੀ ਧੌਣ ਤੋਂ ਗ਼ੁਲਾਮੀ ਦਾ ਜੂਲਾ ਲਾਹੁਣ ਲਈ ਅਤੇ ਆਜ਼ਾਦੀ ਤੇ ਅਮਨ ਕਾਇਮ ਕਰਨ ਲਈ ਹੀ ਉਹ ਇਸ ਬਿਖੜੇ ਪਰ ਇਕੋ ਇਕ ਸ਼ਾਨਦਾਰ ਮਾਰਗ ਉਤੇ ਚਲਣਗੇ। ਕੀ ਆਪਣੇ ਸੁਚੇ ਆਦਰਸ਼ ਵਿਚ ਉਨ੍ਹਾਂ ਦੇ ਮਾਣ ਨੂੰ ਅਹੰਕਾਰ ਕਿਹਾ ਜਾ ਸਕਦਾ ਹੈ ? ਇਹੋ ਜਿਹੀ ਘ੍ਰਿਣਤ ਬਿਆਨੀ ਕਰਨ ਦੀ ਕੌਣ ਜੁਰਅਤ ਕਰ ਸਕਦਾ ਹੈ ? ਇਹੋ ਜਿਹੇ ਬੰਦੇ ਨੂੰ ਮੈਂ ਮੂਰਖ ਜਾਂ ਪਾਖੰਡੀ ਆਖਾਂਗਾ। ਚਲੋ ਆਪਾਂ ਇਸ ਨੂੰ ਮੁਆਫ਼ ਕਰ ਦਿੰਦੇ ਹਾਂ, ਕਿਉਂਕਿ ਉਹ ਸੁਚੇ ਆਦਰਸ਼ ਵਾਲੇ ਦਿਲ ਦੇ ਜਜ਼ਬੇ, ਭਾਵਨਾ ਤੇ ਅਹਿਸਾਸ ਨੂੰ ਜਾਣ ਨਹੀਂ ਸਕਦਾ। ਉਹਦਾ ਦਿਲ ਮਾਸ ਦਾ ਬੇਜਾਨ ਲੋਥੜਾ ਹੈ। ਉਹਦੀ ਦ੍ਰਿਸ਼ਟੀ ਕਮਜ਼ੋਰ ਹੈ, ਕਿਉਂਕਿ ਹੋਰ ਗਰਜ਼ਾਂ ਦੀਆਂ ਬੁਰਾਈਆਂ ਦਾ ਉਨ੍ਹਾਂ ਉਤੇ ਪਰਦਾ ਪਿਆ ਹੋਇਆ ਹੈ। ਸਵੈ-ਵਿਸ਼ਵਾਸ ਨੂੰ ਸਦਾ ਅਹੰਕਾਰ ਸਮਝਿਆ ਜਾਂਦਾ ਹੈ। ਇਹ ਮਾੜੀ ਤੇ ਤਰਸਯੋਗ ਗੱਲ ਹੈ, ਪਰ ਇਹਦਾ ਕੋਈ ਚਾਰਾ ਨਹੀਂ।

ਤੁਸੀਂ ਪ੍ਰਚਲਿਤ ਵਿਸ਼ਵਾਸ ਦਾ ਵਿਰੋਧ ਕਰ ਕੇ ਦੇਖ ਲਓ, ਤੁਸੀਂ ਨਿਹਕਲੰਕ ਅਵਤਾਰ ਸਮਝੇ ਜਾਂਦੇ ਕਿਸੇ ਨਾਇਕ, ਕਿਸੇ ਮਹਾਨ ਪੁਰਖ ਦੀ ਨੁਕਤਾਚੀਨੀ ਕਰਕੇ ਦੇਖ ਲਓ, ਤਾਂ ਤੁਹਾਡੀ ਦਲੀਲ ਦਾ ਜਵਾਬ ਤੁਹਾਨੂੰ ਘੁਮੰਡੀ-ਅਹੰਕਾਰੀ ਆਖ ਕੇ ਦਿੱਤਾ ਜਾਵੇਗਾ। ਇਹਦਾ ਕਾਰਣ ਮਾਨਸਿਕ ਖੜੋਤ ਹੈ। ਅਲੋਚਨਾ ਤੇ ਸੁਤੰਤਰ ਸੋਚਣੀ ਇਨਕਲਾਬੀ ਦੇ ਦੋ ਲਾਜ਼ਮੀ ਗੁਣ ਹੁੰਦੇ ਹਨ। ਕਿਉਂਕਿ ਮਹਾਤਮਾ ਜੀ

ਮਹਾਨ ਹਨ, ਇਸ ਲਈ ਕੋਈ ਉਨ੍ਹਾਂ ਦੀ ਅਲੋਚਨਾ ਨਾ ਕਰੇ। ਕਿਉਂਕਿ ਉਹ ਉਪਰ ਉਠ ਚੁੱਕੇ ਹਨ। ਇਸ ਲਈ ਉਹ ਰਾਜਨੀਤੀ ਜਾਂ ਧਰਮ, ਆਰਥਿਕਤਾ ਜਾਂ ਸਦਾਚਾਰ ਬਾਰੇ ਕੁਝ ਵੀ ਕਹਿੰਦੇ ਹਨ, ਤਾਂ ਉਹ ਸਹੀ ਹੁੰਦਾ ਹੈ। ਤੁਸੀਂ ਮੰਨਦੇ ਹੋ, ਭਾਵੇਂ ਨਹੀਂ ਮੰਨਦੇ, ਤੁਹਾਨੂੰ ਇਹ ਜ਼ਰੂਰ ਕਹਿਣਾ ਪਏਗਾ, "ਹਾਂ, ਇਹ ਗੱਲ ਠੀਕ ਹੈ।" ਇਹ ਮਾਨਸਿਕਤਾ ਸਾਨੂੰ ਪ੍ਰਗਤੀ ਵਲ ਨਹੀਂ ਲਿਜਾਂਦੀ। ਸਗੋਂ ਇਹ ਤਾਂ ਸਪਸ਼ਟ ਤੌਰ ਉਤੇ ਪ੍ਰਤੀਗਾਮੀ (ਮਾਨਸਿਕਤਾ) ਹੈ।

ਕਿਉਂਕਿ ਸਾਡੇ ਵੱਡੇ-ਵਡੇਰਿਆਂ ਨੇ ਕਿਸੇ ਸਰਬ ਸ਼ਕਤੀਮਾਨ ਪਰਮਾਤਮਾ ਵਿਚ ਵਿਸ਼ਵਾਸ ਬਣਾ ਲਿਆ ਸੀ। ਇਸ ਲਈ ਕੋਈ ਵੀ ਬੰਦਾ ਜਿਹੜਾ ਉਸ ਵਿਸ਼ਵਾਸ ਜਾਂ ਉਸ ਪਰਮਾਤਮਾ ਦੀ ਹੋਂਦ ਤੋਂ ਮੁਨਕਰ ਹੋਣ ਦਾ ਹੌਸਲਾ ਕਰਦਾ ਹੈ, ਉਹਨੂੰ ਹਰ ਹਾਲਤ ਵਿਚ ਕਾਫ਼ਰ, ਗੱਦਾਰ ਕਿਹਾ ਜਾਏਗਾ। ਜੇ ਉਹਦੀਆਂ ਵਜ਼ਨਦਾਰ ਦਲੀਲਾਂ ਨੂੰ ਅੱਗੋਂ ਕੱਟਿਆ ਨਾ ਜਾ ਸਕਦਾ ਹੋਵੇ ਅਤੇ ਸਰਬ-ਸ਼ਕਤੀਮਾਨ ਦੀ ਕਰੋਪੀ ਵੀ ਉਹਦੀ ਜ਼ੋਰਦਾਰ ਦ੍ਰਿੜ੍ਹਤਾ ਨੂੰ ਡੇਗ ਨਾ ਸਕੇ। ਤਾਂ ਉਹਨੂੰ ਘੁਮੰਡੀ ਗਰਦਾਨਿਆ ਜਾਏਗਾ ਅਤੇ ਉਹਦੀ ਦ੍ਰਿੜ੍ਹਤਾ ਨੂੰ ਅਹੰਕਾਰ ਆਖਿਆ ਜਾਏਗਾ। ਤਾਂ ਫੇਰ ਇਸ ਫ਼ਜ਼ੂਲ ਬਹਿਸ ਵਿਚ ਸਮਾਂ ਕਿਉਂ ਜ਼ਾਇਆ ਕੀਤਾ ਜਾਏ ? ਇਹ ਸਵਾਲ ਲੋਕਾਂ ਅਗੇ ਪਹਿਲੀ ਵਾਰ ਆ ਰਿਹਾ ਹੈ ਤੇ ਇਸ ਨੂੰ ਇਸ ਤਰੀਕੇ ਨਾਲ ਪਹਿਲੀ ਵਾਰ ਲਿਆ ਜਾ ਰਿਹਾ ਹੈ, ਇਸੇ ਲਈ ਲੰਮੀ ਬਹਿਸ ਹੋ ਰਹੀ ਹੈ।

ਜਿਥੋਂ ਤੱਕ ਪਹਿਲੇ ਸਵਾਲ ਦਾ ਸੰਬੰਧ ਹੈ, ਮੇਰਾ ਵਿਚਾਰ ਹੈ ਕਿ ਮੈਂ ਇਹ ਸਪਸ਼ਟ ਕਰ ਦਿੱਤਾ ਹੈ ਕਿ ਮੈਂ ਅਹੰਕਾਰ ਕਾਰਣ ਨਾਸਤਕ ਨਹੀਂ ਬਣਿਆ। ਇਹ ਫ਼ੈਸਲਾ ਮੈਂ ਨਹੀਂ ਸਗੋਂ ਮੇਰੇ ਪਾਠਕਾਂ ਨੇ ਕਰਨਾ ਹੈ ਕਿ ਮੇਰੀਆਂ ਦਲੀਲਾਂ ਖੁੱਭਵੀਆਂ ਸਾਬਤ ਹੋਈਆਂ ਹਨ ਜਾਂ ਨਹੀਂ। ਮੈਨੂੰ ਪਤਾ ਹੈ ਕਿ ਹੁਣਵੀਆਂ ਹਾਲਤਾਂ ਵਿਚ ਜੇ ਮੈਂ ਆਸਤਕ ਹੁੰਦਾ ਤਾਂ ਮੇਰੀ ਜ਼ਿੰਦਗੀ ਹੁਣ ਨਾਲੋਂ ਆਸਾਨ ਹੋਣੀ ਸੀ ਅਤੇ ਮੇਰਾਂ ਬੋਝ ਹੁਣ ਨਾਲੋਂ ਘੱਟ ਹੋਣਾ ਸੀ ਅਤੇ ਮੇਰਾ ਰੱਬ ਦੀ ਹੋਂਦ ਤੋਂ ਇਨਕਾਰੀ ਹੋਣ ਕਰਕੇ ਹਾਲਾਤ ਬਹੁਤ ਹੀ[1] ਅਣਸੁਖਾਵੇਂ ਹੋ ਗਏ ਹਨ ਤੇ ਹਾਲਤ ਇਸ ਤੋਂ ਵੀ ਭੈੜੀ ਹੋ ਸਕਦੀ ਹੈ। ਥੋਹੜਾ ਜਿੰਨਾ ਰਹੱਸਵਾਦ ਇਸ ਹਾਲਤ ਨੂੰ ਸ਼ਾਇਰਾਨਾ ਬਣਾ ਸਕਦਾ ਹੈ। ਪਰ ਮੈਨੂੰ ਆਪਣੇ ਅੰਤ ਵਾਸਤੇ ਕਿਸੇ ਨਸ਼ੇ ਦੀ ਮਦਦ ਦੀ ਲੋੜ ਨਹੀਂ ਹੈ। ਮੈਂ ਯਥਾਰਥਵਾਦੀ ਹਾਂ। ਮੈਂ ਤਰਕ ਦੀ ਮਦਦ ਨਾਲ ਇਸ ਰੁਝਾਨ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਮੈਂ ਇਸ ਕੋਸ਼ਿਸ਼ ਵਿਚ ਹਮੇਸ਼ਾ ਹੀ ਸਫਲ ਨਹੀਂ ਹੁੰਦਾ ਰਿਹਾ। ਪਰ ਬੰਦੇ ਦਾ ਫ਼ਰਜ਼ ਤਾਂ ਕੋਸ਼ਿਸ਼ ਕਰੀ ਜਾਣਾ ਹੁੰਦਾ ਹੈ। ਕਾਮਯਾਬੀ ਮੌਕੇ ਤੇ ਹਾਲਾਤ ਉਤੇ ਨਿਰਭਰ ਹੁੰਦੀ ਹੈ।

ਦੂਜਾ ਸਵਾਲ ਇਹ ਹੈ ਕਿ ਜੇ ਅਹੰਕਾਰ ਨਹੀਂ, ਤਾਂ ਰੱਬ ਦੀ ਹੋਂਦ ਦੀ ਪੁਰਾਣੀ ਤੇ ਪ੍ਰਚੱਲਤ ਧਾਰਨਾ ਨੂੰ ਨਾ ਮੰਨਣ ਦਾ ਕੋਈ ਕਾਰਣ ਹੋਵੇਗਾ। ਹਾਂ, ਮੈਂ ਇਸ ਸਵਾਲ ਵਲ ਆਉਂਦਾ ਹਾਂ। ਇਹਦਾ ਕਾਰਣ ਹੈ। ਮੇਰੇ ਵਿਚਾਰ ਅਨੁਸਾਰ ਜਿਸ ਵਿਅਕਤੀ ਕੋਲ ਥੋਹੜੀ-ਬਹੁਤ ਤਰਕ ਸ਼ਕਤੀ ਹੈ, ਉਹ ਹਮੇਸ਼ਾ ਆਪਣੇ ਆਲੇ-ਦੁਆਲੇ ਨੂੰ ਤਰਕ ਦੀ ਘਸਵੱਟੀ ਉਤੇ ਪਰਖਦਾ ਹੈ। ਜਿਥੇ ਸਿਧੇ ਸਬੂਤ ਨਹੀਂ ਮਿਲਦੇ, ਉਥੇ ਫ਼ਲਸਫ਼ੇ ਦਾ ਅਹਿਮ ਥਾਂ ਹੁੰਦਾ ਹੈ। ਜਿਵੇਂ ਮੈਂ ਪਹਿਲਾਂ ਆਖ ਚੁੱਕਾ ਹਾਂ, ਮੇਰਾ ਕੋਈ ਇਨਕਲਾਬੀ ਦੋਸਤ ਕਿਹਾ ਕਰਦਾ ਸੀ ਕਿ ਫ਼ਲਸਫ਼ਾ ਮਨੁੱਖੀ ਕਮਜ਼ੋਰੀ ਦੀ ਪੈਦਾਵਾਰ ਹੈ। ਜਦ ਸਾਡੇ ਵੱਡੇ-ਵਡੇਰਿਆਂ ਕੋਲ ਇਸ ਜਗਤ-ਤਮਾਸ਼ੇ ਨੂੰ ਜਾਣਨ ਦੀ ਕਾਫ਼ੀ ਫ਼ੁਰਸਤ ਮਿਲੀ ਤੇ ਜਦ ਉਨ੍ਹਾਂ ਨੂੰ ਜਗਤ ਦੇ ਅਤੀਤ, ਵਰਤਮਾਨ ਤੇ ਭਵਿੱਖ ਤੇ ਹੋਰ ਬਹੁਤ ਸਾਰੇ ਸਵਾਲਾਂ ਦੇ ਸਿਧੇ ਸਬੂਤ ਨਾ ਮਿਲੇ, ਤਾਂ ਹਰ ਕਿਸੇ ਨੇ ਇਸ ਸਮੱਸਿਆ ਨੂੰ ਆਪਣੇ ਤਰੀਕੇ ਨਾਲ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਇਸੇ ਕਰਕੇ ਵੱਖ ਵੱਖ ਧਰਮਾਂ ਦੇ ਬੁਨਿਆਦੀ ਸਿਧਾਂਤਾਂ ਵਿਚ ਵੱਡੇ ਮਤਭੇਦ ਹਨ, ਜਿਹੜੇ ਕਦੇ-ਕਦੇ ਬਹੁਤ ਵਿਰੋਧੀ ਰੂਪ ਅਖ਼ਤਿਆਰ ਕਰ ਜਾਂਦੇ ਹਨ। ਜਿਥੇ ਏਸ਼ੀਆਈ ਤੇ ਯੂਰਪੀ ਫ਼ਲਸਫ਼ਿਆਂ ਵਿਚ ਵਖਰੇਵਾਂ ਹੈ, ਇਥੋਂ ਤੱਕ ਕਿ ਹਰ ਮਹਾ ਖੇਤਰ ਦੀਆਂ ਵੱਖ-ਵੱਖ ਵਿਚਾਰ-ਪ੍ਰਣਾਲੀਆਂ ਵਿਚ ਵੀ ਮਤਭੇਦ ਮਿਲਦਾ ਹੈ। ਏਸ਼ੀਆਈ ਧਰਮਾਂ ਵਿਚ ਮੁਸਲਮ ਧਰਮ ਦੀ ਹਿੰਦੂ ਧਰਮ ਨਾਲ ਕੋਈ ਸਾਂਝ ਨਹੀਂ। ਸਿਰਫ਼ ਹਿੰਦੁਸਤਾਨ ਵਿਚ ਹੀ ਬੁੱਧ ਧਰਮ ਤੇ ਜੈਨ ਧਰਮ ਬ੍ਰਾਹਮਣਵਾਦ ਤੋਂ ਕਾਫ਼ੀ ਵੱਖਰੇ ਹਨ ਅਤੇ ਬ੍ਰਾਹਮਣਵਾਦ ਵਿਚ ਵੀ ਅਗਾਹ ਆਰੀਆ[3] ਸਮਾਜ ਤੇ ਸਨਾਤਨ ਧਰਮ ਵਰਗੇ ਵਿਰੋਧੀ ਮੱਤ ਹਨ। ਚਾਰ ਵਾਕ ਪੁਰਾਤਨ ਕਾਲ ਦਾ ਸੁਤੰਤਰ ਚਿੰਤਕ ਸੀ। ਇਹਨੇ ਰੱਬ ਦੀ ਪ੍ਰਭੂ-ਸੱਤਾ ਨੂੰ ਵੰਗਾਰਿਆ ਸੀ। ਇਨ੍ਹਾਂ ਸਾਰੇ ਮੱਤਾਂ ਵਿਚ ਬੁਨਿਆਦੀ ਸਵਾਲ ਬਾਰੇ ਮਤਭੇਦ ਹਨ, ਅਤੇ ਹਰ ਕੋਈ ਆਪਣੇ ਆਪ ਨੂੰ ਦਰੁਸਤ ਮੰਨਦਾ ਹੈ। ਇਹੋ ਸਾਰੀ ਬੁਰਾਈ ਹੈ। ਪੁਰਾਣੇ ਵਿਦਵਾਨਾਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਅਗਿਆਨਤਾ ਵਿਰੁੱਧ ਸਾਡੀ ਆਉਣ ਵਾਲੀ ਜਦੋਜਹਿਦ ਦਾ ਅਧਾਰ ਬਣਾਉਣ ਤੇ ਇਸ ਭੇਤ-ਭਰੀ ਸਮੱਸਿਆ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰਨ ਦੀ ਥਾਂ ਅਸੀਂ ਸੁਸਤ ਨਿਕੰਮੇ ਕੱਟੜ ਧਰਮ ਦੀ ਹਾਲ ਦੁਹਾਈ ਪਾਉਣ ਲਗ ਜਾਂਦੇ ਹਾਂ ਅਤੇ ਇਜ ਮਨੁੱਖੀ ਪ੍ਰਗਤੀ ਵਿਚ ਆਈ ਖੜੋਤ ਦੇ ਕਸੂਰਵਾਰ ਹਾਂ।

ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, ਉਹਨੂੰ ਲਾਜ਼ਮੀ ਤੌਰ ਉਤੇ ਪੁਰਾਣੇ ਵਿਸ਼ਵਾਸ ਦੀ ਹਰ ਗੱਲ ਦੀ ਆਲੋਚਨਾ ਕਰਨੀ ਪਏਗੀ, ਇਹਦੇ ਵਿਚ ਅਵਿਸ਼ਵਾਸ ਪ੍ਰਗਟ ਕਰਨਾ ਪਏਗਾ, ਤੇ ਇਹਦੇ ਹਰ ਪਹਿਲੂ ਨੂੰ ਵੰਗਾਰਨਾ ਪਏਗਾ। ਪ੍ਰਚੱਲਤ ਵਿਸ਼ਵਾਸ ਦੀ ਇਕੱਲੀ-ਇਕੱਲੀ ਗੱਲ ਦੀ ਬਾਦਲੀਲ ਪੁਣਛਾਣ ਕਰਨੀ ਹੋਵੇਗੀ। ਜੇ ਕੋਈ ਦਲੀਲ ਨਾਲ ਕਿਸੇ ਸਿਧਾਂਤ ਜਾਂ ਫ਼ਲਸਫ਼ੇ ਵਿਚ ਵਿਸ਼ਵਾਸ ਕਰਨ ਲਗਦਾ ਹੈ, ਤਾਂ ਉਹਦਾ ਵਿਸ਼ਵਾਸ ਸਰਾਹੁਣਯੋਗ ਹੈ। ਉਹਦੀ ਦਲੀਲ ਗ਼ਲਤ ਜਾਂ ਉੱਕਾ ਹੀ ਬੇਬੁਨਿਆਦ ਹੋ ਸਕਦੀ ਹੈ। ਪਰ ਉਹਨੂੰ ਦਰੁਸਤ ਰਾਹ ਉਤੇ ਲਿਆਂਦਾ ਜਾਣਾ ਚਾਹੀਦਾ ਹੈ, ਕਿਉਂਕਿ ਤਰਕਸ਼ੀਲਤਾ ਉਹਦੀ ਜ਼ਿੰਦਗੀ ਦਾ ਧਰੂ-ਤਾਰਾ ਜੋ ਹੁੰਦੀ। ਪਰ ਨਿਰਾ ਵਿਸ਼ਵਾਸ ਤੇ ਅੰਨ੍ਹਾ ਵਿਸ਼ਵਾਸ ਖ਼ਤਰਨਾਕ ਹੁੰਦਾ ਹੈ : ਇਹ ਦਿਮਾਗ਼ ਨੂੰ ਕੁੰਦ ਬਣਾਉਂਦਾ ਹੈ ਤੇ ਬੰਦੇ ਨੂੰ ਪ੍ਰਤੀਗਾਮੀ (ਪਿਛਾਂਹ-ਖਿੱਚੂ) ਬਣਾ ਦਿੰਦਾ ਹੈ। ਜਿਹੜਾ ਵੀ ਬੰਦਾ ਯਥਾਰਥਵਾਦੀ ਹੋਣ ਦਾ ਦਾਅਵਾ ਕਰਦਾ ਹੈ, ਉਹਨੂੰ ਸਮੁੱਚੇ ਪੁਰਾਤਨ ਵਿਸ਼ਵਾਸ ਨੂੰ ਚੈਲੰਜ ਕਰਨਾ ਪਏਗਾ। ਜੇ ਇਹ ਵਿਸ਼ਵਾਸ ਦਲੀਲ ਅੱਗੇ ਨਾ ਖੜ੍ਹ ਸਕੇ, ਤਾਂ ਇਹ ਢਹਿਢੇਰੀ ਹੋ ਜਾਏਗਾ। ਫੇਰ ਉਸ ਬੰਦੇ ਦਾ ਪਹਿਲਾ ਕੰਮ ਸਾਰੇ ਪੁਰਾਤਨ ਵਿਸ਼ਵਾਸ ਨੂੰ ਤਬਾਹ ਕਰਕੇ ਨਵੇਂ ਫ਼ਲਸਫ਼ੇ ਲਈ ਜ਼ਮੀਨ ਤਿਆਰ ਕਰਨਾ ਹੋਵੇਗਾ। ਇਹ ਨਕਾਰਾਤਮਕ ਪੱਖ ਹੈ। ਇਸ ਤੋਂ ਮਗਰੋਂ ਸਕਾਰਾਤਮਕ ਕੰਮ ਸ਼ੁਰੂ ਹੁੰਦਾ ਹੈ; ਜਿਸ ਵਿਚ ਕਈ ਵਾਰ ਪੁਰਾਣੇ ਵਿਸ਼ਵਾਸ ਦੀ ਕੁਝ ਸਾਮੱਗਰੀ ਮੁੜ ਉਸਾਰੀ ਲਈ ਵਰਤੀ ਜਾ ਸਕਦੀ ਹੈ। ਜਿਥੋਂ ਤਕ ਮੇਰਾ ਸੰਬੰਧ ਹੈ, ਮੈਂ ਪਹਿਲਾਂ ਹੀ ਇਹ ਤਸਲੀਮ ਕਰਦਾ ਹਾਂ ਕਿ ਮੈਂ ਇਸ ਬਾਰੇ ਬਹੁਤਾ ਅਧਿਐਨ ਨਹੀਂ ਕਰ ਸਕਿਆ। ਏਸ਼ੀਆਈ ਫ਼ਲਸਫ਼ੇ ਨੂੰ ਪੜ੍ਹਨ ਦੀ ਮੇਰੀ ਵੱਡੀ ਰੀਝ ਸੀ, ਪਰ ਮੈਨੂੰ ਇਸ ਦਾ ਵਕਤ ਜਾਂ ਮੌਕਾ ਨਹੀਂ ਮਿਲ ਸਕਿਆ। ਪਰ ਜਿਥੋਂ ਤਕ ਨਾਕਾਰਾਤਮਕ ਪੱਖ ਦਾ ਸੰਬੰਧ ਹੈ, ਮੈਨੂੰ ਇਸ ਹੱਦ ਤਕ ਯਕੀਨ ਹੈ ਕਿ ਮੈਂ ਪੁਰਾਤਨ ਵਿਸ਼ਵਾਸ ਦੀ ਪੁਖਤਗੀ ਉਤੇ ਕਿੰਤੂ ਕਰ ਸਕਦਾ ਹਾਂ। ਮੈਨੂੰ ਪੱਕਾ ਯਕੀਨ ਹੈ ਕਿ ਕੁਦਰਤ ਨੂੰ ਚਲਾਉਣ ਵਾਲੀ ਕੋਈ ਪਰਮਾਤਮਾ ਸੁਚੇਤ-ਸੱਤਾ ਨਹੀਂ ਹੈ। ਸਾਡਾ ਕੁਦਰਤ ਵਿਚ ਯਕੀਨ ਹੈ ਤੇ ਸਮੁੱਚੀ ਪ੍ਰਗਤੀ ਦਾ ਨਿਸ਼ਾਨਾ ਮਨੁੱਖ ਦਾ ਕੁਦਰਤ ਉੱਤੇ ਆਪਣੀ ਸੇਵਾ ਵਾਸਤੇ ਗਲਬਾ ਪਾਉਣਾ ਹੈ। ਇਹਦੇ ਪਿਛੇ ਕੋਈ ਸੁਚੇਤ ਚਾਲਕ ਸ਼ਕਤੀ ਨਹੀਂ ਹੈ। ਇਹੋ ਸਾਡਾ ਫ਼ਲਸਫ਼ਾ ਹੈ।

ਨਕਾਰਾਤਮਕ ਪੱਖ ਤੋਂ ਅਸੀਂ ਆਸਤਕਾਂ ਤੋਂ ਕੁਝ ਸਵਾਲ ਪੁੱਛਦੇ ਹਾਂ :

(1) ਤੁਹਾਡੇ ਵਿਸ਼ਵਾਸ ਅਨੁਸਾਰ ਜੇ ਕੋਈ ਸਰਵ ਸ਼ਕਤੀਮਾਨ, ਸਰਵ ਵਿਆਪਕ ਤੇ ਸਰਵ ਗਿਆਤਾ ਰੱਬ ਹੈ—ਤਾਂ ਦੁਨੀਆ ਜਾਂ ਧਰਤੀ ਨੂੰ ਕਿਹਨੇ ਸਾਜਿਆ ਸੀ। ਮੈਨੂੰ ਇਹ ਦੱਸਣ ਦੀ ਮਿਹਰਬਾਨੀ ਕਰੋ ਕਿ ਉਹਨੇ ਧਰਤੀ ਸਾਜੀ ਹੀ ਕਿਉਂ ? ਉਹ ਧਰਤੀ ਜੋ ਦੁੱਖਾਂ-ਆਫ਼ਤਾਂ, ਅਣਗਿਣਤ ਅਨੰਤ ਦੁਖਾਂਤਾਂ

ਨਾਲ ਭਰੀ ਪਈ ਹੈ। ਇਕ ਵੀ ਜੀਅ ਪੂਰੀ ਤਰ੍ਹਾਂ ਸੁਖੀ ਨਹੀਂ ਹੈ।

ਮਿਹਰਬਾਨੀ ਕਰਕੇ ਇਹ ਨਾ ਆਖੋ ਕਿ ਉਹਦਾ ਨੇਮ ਹੈ : ਜੇ ਉਹ ਕਿਸੇ ਨੇਮ ਦੇ ਵੱਸ ਹੈ, ਤਾਂ ਉਹ ਸਰਵ ਸ਼ਕਤੀਮਾਨ ਨਹੀਂ। ਤਾਂ ਫੇਰ ਉਹ ਵੀ ਸਾਡੇ ਵਰਗਾ ਗ਼ੁਲਾਮ ਹੈ। ਮਿਹਰਬਾਨੀ ਕਰਕੇ ਇਹ ਵੀ ਨਾ ਆਖੋ ਕਿ ਇਹ ਉਹਦਾ ਸ਼ੁਗਲ ਹੈ। ਨੀਰੋ ਨੇ ਤਾਂ ਇਕੋ ਰੋਮ ਸਾੜ ਕੇ ਸਵਾਹ ਕੀਤਾ ਸੀ। ਉਹਨੇ ਗਿਣਦੀ ਦੇ ਬੰਦੇ ਜਾਨੋਂ ਮਾਰੇ ਸਨ। ਉਹਦੇ ਹੱਥੋਂ ਬਹੁਤ ਘੱਟ ਦੁਖਾਂਤ ਵਾਪਰੇ। ਇਹ ਸਭ ਉਹਨੇ ਆਪਣੇ ਮਜ਼ੇ ਲਈ ਕੀਤਾ। ਤੇ ਇਤਿਹਾਸ ਵਿਚ ਉਹਨੂੰ ਕਿਹੜੀ ਥਾਂ ਹਾਸਲ ਹੈ ? ਇਤਿਹਾਸਕਾਰ ਉਹਦਾ ਜ਼ਿਕਰ ਕਿਹੜੇ ਨਾਵਾਂ ਨਾਲ ਕਰਦੇ ਹਨ ? ਸਾਰੇ ਵਿਹੂਲੇ ਵਿਸ਼ੇਸ਼ਕ ਉਹਦੇ ਲਈ ਵਰਤੇ ਜਾਂਦੇ ਹਨ। ਜ਼ਾਲਮ, ਬੇਰਹਿਮ, ਸ਼ੈਤਾਨ ਨੀਰੋ ਦੀ ਨਿਖੇਧੀ ਕਰਨ ਲਈ ਲਾਹਨਤਾ ਨਾਲ ਸਫਿਆਂ ਦੇ ਸਫ਼ੇ ਕਾਲੇ ਕੀਤੇ ਪਏ ਹਨ। ਇਕ ਚੰਗੇਜ਼ ਖ਼ਾਨ ਨੇ ਮਜ਼ਾ ਲੈਣ ਲਈ ਕੁਝ ਹਜ਼ਾਰ ਲੋਕਾਂ ਦੀ ਜਾਨ ਲਈ ਸੀ ਅਤੇ ਅੱਜ ਅਸੀਂ ਉਹਦੇ ਨਾਂ ਤਕ ਨੂੰ ਨਫ਼ਰਤ ਕਰਦੇ ਹਾਂ। ਤਾਂ ਫੇਰ ਤੁਸੀਂ ਆਪਣੇ ਸਰਬ ਸ਼ਕਤੀਮਾਨ ਅਨੰਤ ਨੀਰੋ ਨੂੰ ਕਿਵੇਂ ਵਾਜਬ ਠਹਿਰਾਓਗੇ, ਜੋ ਹਾਲੀ ਵੀ ਹਰ ਦਿਨ ਹਰ ਘੜੀ ਤੇ ਹਰ ਪਲ ਅਣਗਿਣਤ ਕਤਲ ਕਰੀ ਜਾ ਰਿਹਾ ਹੈ ? ਤੁਸੀਂ ਉਹਦੀਆਂ ਉਨ੍ਹਾਂ ਕਰਤੂਤਾਂ ਦੀ ਹਮਾਇਤ ਕਿਵੇਂ ਕਰੋਗੇ, ਜਿਹੜੀਆਂ ਪਲੋਪਲੀ ਚੰਗੇਜ਼ ਦੀਆਂ ਕਰਤੂਤਾਂ ਨੂੰ ਵੀ ਮਾਤ ਪਾਈ ਜਾਂਦੀਆਂ ਹਨ ? ਮੈਂ ਪੁੱਛਦਾ ਹਾਂ ਕਿ ਉਹਨੇ ਇਹ ਦੁਨੀਆਂ ਬਣਾਈ ਹੀ ਕਿਉਂ ਹੀ—ਦੁਨੀਆ ਜਿਹੜੀ ਸੱਚੀ-ਮੁੱਚੀ ਦਾ ਨਰਕ ਹੈ, ਅਨੰਤ ਤੇ ਤਲਖ਼ ਬੇਚੈਨੀ ਦਾ ਘਰ ਹੈ ? ਸਰਬ ਸ਼ਕਤੀਮਾਨ ਨੇ ਮਨੁੱਖ ਕਿਉਂ ਸਾਜਿਆ, ਜਦ ਕਿ ਉਹਦੇ ਕੋਲ ਮਨੁੱਖ ਨਾ ਸਾਜਣ ਦੀ ਤਾਕਤ ਸੀ ? ਇਨ੍ਹਾਂ ਸਾਰੀਆਂ ਗੱਲਾਂ ਦਾ ਤੁਹਾਡੇ ਕੋਲ ਕੀ ਜਵਾਬ ਹੈ ? ਤੁਸੀਂ ਇਹ ਆਖੋਗੇ ਕਿ ਅਗਲੇ ਜਨਮ ਵਿਚ ਮਾਸੂਮ ਪੀੜਤਾਂ ਨੂੰ ਨਿਵਾਜਣ ਲਈ ਅਤੇ ਕੁਕਰਮੀਆਂ ਨੂੰ ਸਜ਼ਾ ਦੇਣ ਲਈ ਉਹਨੇ ਇੰਜ ਕੀਤਾ ? ਅੱਛਾ ਤਾਂ ਫੇਰ, ਤੁਸੀਂ ਉਸ ਬੰਦੇ ਨੂੰ ਕਿਵੇਂ ਹੱਕੀ ਠਹਿਰਾਓਗੇ, ਜੋ ਤੁਹਾਡੇ ਸਰੀਰ ਨੂੰ ਏਸ ਵਾਸਤੇ ਜ਼ਖਮੀ ਕਰਦਾ ਹੈ ਕਿ ਮਗਰੋਂ ਬੜੇ ਪਿਆਰ ਨਾਲ ਟਕੋਰਾਂ ਕਰੇਗਾ ? ਗਲੈਡੀਏਟਰ[4] ਸੰਸਥਾ ਦੇ ਹਮਾਇਤੀਆਂ ਤੇ ਪ੍ਰਬੰਧਕਾਂ ਦਾ ਇਹ ਕਾਰਾ ਕਿਥੋਂ ਤਾਈਂ ਸਹੀ ਹੁੰਦਾ ਸੀ, ਦੂਜੇ ਉਹ ਭੁੱਖੇ ਕਰੋਪੀ ਸ਼ੇਰਾਂ ਅੱਗੇ ਬੰਦਿਆਂ ਨੂੰ ਏਸ ਲਈ ਸੁੱਟ ਦਿੰਦੇ ਸੀ ਕਿ, ਜੇ ਉਹ ਸ਼ੇਰਾਂ ਹੱਥੋਂ ਜੀਉਂਦੇ ਬਚ ਗਏ, ਤਾਂ ਫੇਰ ਉਨ੍ਹਾਂ ਦੀ ਬਹੁਤ ਖ਼ਾਤਰ-ਤਵੱਜੋ ਹੋਏਗੀ ? ਇਸੇ ਕਰਕੇ ਮੈਂ ਪੁੱਛਦਾ ਹਾਂ : "ਸਚੇਤ ਸਰਬ ਉੱਚ ਸੱਤਾ ਨੇ ਇਹ ਦੁਨੀਆਂ ਤੇ ਮਨੁੱਖ ਕਿਉਂ ਸਾਜਿਆ ? ਮਜ਼ਾ ਲੈਣ ਕਈ. ਫੇਰ ਉਹਦੇ ਵਿਚ ਤੇ ਨੀਰੋ ਵਿਚ ਫ਼ਰਕ ਹੀ ਕੀ ਹੈ।

ਮੁਸਲਮਾਨੋ ਤੇ ਈਸਾਈਓ : ਹਿੰਦੂ ਦਰਸ਼ਨ ਕੋਲ ਤਾਂ ਹੋਰ ਵੀ ਦਲੀਲ ਹੋਏਗੀ। ਮੈਂ ਤੁਹਾਡੇ ਕੋਲੋਂ ਉਪਰਲੇ ਸਵਾਲਾਂ ਦੇ ਜਵਾਬ ਪੁੱਛਦਾ ਹਾਂ। ਪੂਰਬਲੇ ਜਨਮ ਵਿਚ ਤੁਹਾਡਾ ਯਕੀਨ ਨਹੀਂ ਹੈ। ਤੁਸੀਂ ਹਿੰਦੂਆਂ ਵਾਂਗ ਮਾਸੂਮ ਪੀੜਤਾਂ ਦੇ ਪਹਿਲੇ ਕੀਤੇ ਮੰਦੇ ਕਰਮਾਂ ਵਾਲੀ ਦਲੀਲ ਨਹੀਂ ਵਰਤ ਸਕਦੇ। ਮੈਂ ਤੁਹਾਥੋਂ ਪੁੱਛਦਾ ਹਾਂ ਕਿ ਸਰਬ ਸ਼ਕਤੀਮਾਨ ਨੇ ਇਹ ਦੁਨੀਆਂ ਸਾਜਣ ਲਈ ਛੇ ਦਿਨ ਕਿਉਂ ਮਿਹਨਤ ਕੀਤੀ ? ਉਹਨੇ ਕਿਉਂ ਕਿਹਾ ਸੀ ਕਿ ਸਭ ਅੱਛਾ ਹੈ ? ਉਹਨੂੰ ਅੱਜ ਹੀ ਸੱਦੋ। ਉਹਨੂੰ ਪਿਛਲਾ ਇਤਿਹਾਸ ਦਿਖਾਓ। ਉਹਨੂੰ ਮੌਜੂਦਾ ਹਾਲਤ ਬਾਰੇ ਜਾਣਨ ਦਿਓ। ਫੇਰ ਦੇਖਾਂਗੇ ਕਿ ਉਹ ਇਹ ਕਹਿਣ ਦੀ ਜੁਰਅਤ ਕਰਦਾ ਹੈ : ਸਭ ਅੱਛਾ ਹੈ।

ਜੇਲਖ਼ਾਨਿਆਂ ਦੀਆਂ ਕਾਲਕੋਠੜੀਆਂ ਤੋਂ ਗੰਦੀਆਂ ਬਸਤੀਆਂ ਤੇ ਝੌਂਪੜੀਆਂ ਵਿਚ ਭੁੱਖਮਰੀ ਦੇ ਹੱਥੋਂ ਮਰ ਰਹੇ ਲੱਖਾਂ ਹੀ ਲੋਕਾਂ ਨੂੰ ਦੇਖ ਕੇ, ਪੂੰਜੀਵਾਦੀ ਲੋਕਾਂ ਕੋਲੋਂ ਚੁੱਪ ਚਾਪ ਜਾਂ ਕਹਿ ਲਓ ਬੇਵਾਸਤਗੀ ਨਾਲ ਆਪਣਾ ਲਹੂ ਪਿਲਾ ਰਹੇ ਲੁਟੀਂਦੇ ਮਜ਼ਦੂਰਾ ਨੂੰ ਦੇਖ ਕੇ, ਇਨਸਾਨੀ ਤਾਕਤ ਦੀ ਬਰਬਾਦੀ ਜਿਹਨੂੰ ਦੇਖਕੇ ਅੱਤ ਸਾਧਾਰਣ ਬੁੱਧ ਵਾਲਾ ਵਿਅਕਤੀ ਵੀ ਡਰ ਨਾਲ ਕੰਬਣ ਲਗ ਜਾਏ, ਅਤੇ ਲੋੜਵੰਦ ਉਤਪਾਦਨਾਂ ਨੂੰ ਵੰਡਣ ਦੀ ਥਾਂ ਵਾਧੂ ਪੈਦਾਵਾਰ ਸਮੁੰਦਰਾਂ ਵਿਚ ਸੁੱਟੀ ਜਾਂਦੀ ਦੇਖ ਕੇ, ਇਨਸਾਨਾਂ ਦੀਆਂ ਹੱਡੀਆਂ ਨਾਲ ਚਿਣੀਆਂ ਨੀਹਾਂ ਉਤੇ ਉਸਰੇ ਬਾਦਸ਼ਾਹਾਂ ਦੇ ਮਹਿਲਾਂ ਨੂੰ ਦੇਖ ਕੇ ਉਹ ਰਤਾ ਆਖੇ ਤਾਂ ਸਹੀ : ਸਭ ਅੱਛਾ ਹੈ। ਕਿਉਂ ਤੇ ਕਿਸ ਕਾਰਣ ? ਇਹ ਮੇਰਾ ਸਵਾਲ ਹੈ। ਤੁਸੀਂ ਚੁੱਪ ਹੋ। ਠੀਕ ਹੈ, ਮੈਂ ਆਪਣੀ ਗੱਲ ਅੱਗੇ ਤੋਰਦਾ ਹਾਂ।

ਤੁਸੀਂ ਹਿੰਦੂ ਇਹ ਆਖਦੇ ਹੋ ਕਿ ਅੱਜ ਜਿਹੜਾ ਵੀ ਦੁੱਖ ਝਲ ਰਿਹਾ ਹੈ, ਉਹ ਪੂਰਬਲੇ ਜਨਮ ਦੇ ਮੰਦੇ ਕਰਮਾਂ ਕਰਕੇ ਹੈ। ਠੀਕ। ਤੁਸੀਂ ਇਹ ਵੀ ਕਹਿੰਦੇ ਹੋ ਕਿ ਜਿਹੜੇ ਅੱਜ ਲੋਕਾਂ ਨੂੰ ਦਬਾ ਰਹੇ ਹਨ, ਉਹ ਪੂਰਬਲੇ ਜਨਮਾਂ ਵਿਚ ਧਰਮਾਤਮਾ ਲੋਕ ਸਨ। ਇਸ ਕਰਕੇ ਉਨ੍ਹਾਂ ਦੇ ਹੱਥ ਤਾਕਤ ਹੈ। ਮੈਂ ਤਾਂ ਮੰਨਦਾ ਹਾਂ ਕਿ ਤੁਹਾਡੇ ਵੱਡੇ-ਵਡੇਰੇ ਬੜੇ ਸ਼ਾਤਰ ਲੋਕ ਸਨ। ਉਹ ਐਸੇ ਸਿਧਾਂਤ ਲਭਣ ਵਿਚ ਲੱਗੇ ਰਹੇ, ਜਿਨ੍ਹਾਂ ਨਾਲ ਤਰਕ ਤੇ ਅਵਿਸ਼ਵਾਸ ਨੂੰ ਖ਼ਤਮ ਕੀਤਾ ਜਾ ਸਕੇ। ਪਰ ਆਪਾਂ ਦੇਖਦੇ ਹਾਂ ਕਿ ਇਸ ਦਲੀਲ ਵਿਚ ਕਿੰਨਾ ਕੁ ਵਜ਼ਨ ਹੈ।

ਬਹੁਤ ਉਘੇ ਨਿਆਂ ਸ਼ਾਸਤਰੀਆਂ ਦਾ ਇਹ ਵਿਚਾਰ ਹੈ ਕਿ ਕਸੂਰਵਾਰ ਨੂੰ ਜੋ ਸਜ਼ਾ ਦਿੱਤੀ ਜਾਂਦੀ ਹੈ, ਉਹਦੇ ਤਿੰਨ ਜਾਂ ਚਾਰ ਮਕਸਦ ਹੋ ਸਕਦੇ ਹਨ ਤੇ ਇਸੇ ਆਧਾਰ ਉਤੇ ਸਜ਼ਾ ਨੂੰ ਵਾਜਬ ਕਰਾਰ ਦਿੱਤਾ ਜਾ ਸਕਦਾ ਹੈ। ਇਹ ਮਕਸਦ ਇਹ ਹਨ : ਬਦਲਾ, ਸੁਧਾਰ ਤੇ ਵਰਜਣ ਲਈ ਡਰ। ਹੁਣ ਸਾਰੇ ਸਿਆਣੇ ਚਿੰਤਕ ਬਦਲੇ ਦੇ ਸਿਧਾਂਤ ਦੀ ਨਿਖੇਧੀ ਕਰਦੇ ਹਨ। ਵਰਜਣ ਵਾਲੇ ਸਿਧਾਂਤ ਦੀ ਵੀ ਨੁਕਤਾਚੀਨੀ ਹੋ ਰਹੀ ਹੈ। ਸੁਧਾਰਕ ਸਿਧਾਂਤ ਹੀ ਜ਼ਰੂਰੀ ਹੈ ਅਤੇ ਇਨਸਾਨੀ ਤਰੱਕੀ ਦਾ ਅਟੁੱਟ ਅੰਗ ਹੈ। ਇਸ ਸਿਧਾਂਤ ਦਾ ਮੰਤਵ ਇਹ ਹੈ ਕਿ ਕਸੂਰਵਾਰ ਸਭ ਤੋਂ ਵੱਧ ਕਾਬਲ ਤੇ ਅਮਨ ਪਸੰਦ ਸ਼ਹਿਰੀ ਬਣ ਕੇ ਸਮਾਜ ਵਿਚ ਵਾਪਸ ਜਾਵੇ। ਪਰ ਜੇ ਅਸੀਂ ਇਹ ਮੰਨ ਵੀ ਲਈਏ ਕਿ ਬੰਦਿਆਂ ਨੇ (ਪੂਰਬਲੇ ਜਨਮ ਵਿਚ) ਪਾਪ ਕੀਤੇ ਹੋਣਗੇ, ਤਾਂ ਰੱਬ ਜਿਹੜੀ ਉਨ੍ਹਾਂ ਨੂੰ ਸਜ਼ਾ ਦਿੰਦਾ ਹੈ, ਉਹ ਕਿਹੋ ਜਿਹੀ ਹੈ ? ਤੁਸੀਂ ਆਖਦੇ ਹੋ ਕਿ ਉਹ ਉਨ੍ਹਾਂ ਨੂੰ ਗਾਂ, ਬਿੱਲੀ, ਦਰੱਖ਼ਤ, ਜੜ੍ਹਬੂਟੀ ਜਾਂ ਜਾਨਵਰ ਦੇ ਰੂਪ ਵਿਚ ਜਨਮ ਲੈਣ ਲਈ ਭੇਜਦਾ ਹੈ। ਤੁਸੀਂ ਇਨ੍ਹਾਂ ਸਜ਼ਾਵਾਂ ਦੀ ਗਿਣਤੀ 84 ਲੱਖ ਦੱਸਦੇ ਹੋ। ਮੈਨੂੰ ਇਹ ਦੱਸੋ ਕਿ ਇਹਦਾ ਮਨੁੱਖ ਉਤੇ ਕੋਈ ਸੁਧਾਰਕ ਅਸਰ ਪੈਂਦਾ ਹੈ ? ਤੁਸੀਂ ਐਨੇ ਕਿੰਨੇ ਕੁ ਜਣਿਆਂ ਨੂੰ ਮਿਲੇ ਹੋ, ਕਿ ਉਹ ਪਾਪ ਕਰਨ ਕਾਰਣ ਪਿਛਲੇ ਜਨਮ ਵਿਚ ਗਧੇ ਦੀ ਜੂਨੇ ਪਏ ਸਨ ? ਕੋਈ ਨਹੀਂ ਮਿਲਿਆ ਹੋਣਾ। ਆਪਣੇ ਪੁਰਾਣਾਂ ਦੇ ਬਿਰਤਾਂਤ ਦੀ ਲੋੜ ਨਹੀਂ। ਮੈਂ ਤੁਹਾਡੀਆਂ ਮਿਥਹਾਸਕ ਕਹਾਣੀਆਂ ਦਾ ਜ਼ਿਕਰ ਤੱਕ ਨਹੀਂ ਛੂਹਣਾ ਚਾਹੁੰਦਾ। ਇਸ ਤੋਂ ਬਿਨਾਂ ਤੁਹਾਨੂੰ ਏਸ ਗੱਲ ਦਾ ਪਤਾ ਹੈ ਕਿ ਦੁਨੀਆਂ ਵਿਚ ਸਭ ਤੋਂ ਵੱਡਾ ਪਾਪ ਗ਼ਰੀਬ ਹੋਣਾ ਹੈ। ਗ਼ਰੀਬੀ ਪਾਪ ਹੈ, ਇਹ ਸਜ਼ਾ ਹੈ। ਤੁਸੀਂ ਇਹੋ ਜਿਹੀਆਂ ਸਜ਼ਾਵਾਂ ਤਜਵੀਜ਼ ਕਰਨ ਵਾਲੇ ਕਿਸੇ ਅਪਰਾਧ-ਵਿਗਿਆਨੀ, ਕਿਸੇ ਕਨੂੰਨਦਾਨ ਜਾਂ ਕਾਨੂੰਨਸਾਜ਼ ਦੀ ਕਿੰਨੀ ਕੁ ਸਿਫ਼ਤ-ਸਲਾਹੀ ਕਰੋਗੇ, ਜਿਸ ਨਾਲ ਮਨੁੱਖ ਹੋਰ ਵਧੇਰੇ ਗੁਨਾਹ ਕਰਨ ਲਈ ਮਜਬੂਰ ਹੁੰਦਾ ਹੈ ? ਕੀ ਤੁਹਾਡੇ ਰੱਬ ਨੇ ਇਸ ਗੱਲ ਬਾਰੇ ਪਹਿਲਾਂ ਨਹੀਂ ਸੋਚਿਆ ਸੀ ਜਾਂ ਉਹ ਵੀ ਇਹ ਗੱਲਾਂ ਮਨੁੱਖਤਾ ਦੀਆਂ ਅਕਹਿ ਦੁੱਖ-ਤਕਲੀਫ਼ਾਂ ਦੀ ਕੀਮਤ ਉਤੇ ਤਜੁਰਬਿਆਂ ਰਾਹੀਂ ਸਿਖਦਾ ਹੈ ? ਤੁਹਾਡੀ ਜਾਚੇ ਕਿਸੇ ਚਮਾਰ ਜਾਂ ਭੰਗੀ ਦੇ ਅਨਪੜ੍ਹ ਪਰਵਾਰ ਵਿਚ ਜੰਮੇ ਬੰਦੇ ਦੀ ਕੀ ਹੋਣੀ ਹੋਏਗੀ ? ਉਹ ਗ਼ਰੀਬ ਹੈ, ਏਸ ਲਈ ਉਹ ਪੜ੍ਹਾਈ ਨਹੀਂ ਕਰ ਸਕਦਾ। ਖ਼ੁਦ ਨੂੰ ਚੰਗੇ ਸਮਝਣ ਵਾਲੇ ਦੂਜੇ ਇਨਸਾਨ ਉਹਨੂੰ ਨਫ਼ਰਤ ਕਰਦੇ ਹਨ ਤੇ ਧਿਕਾਰਦੇ ਹਨ, ਕਿਉਂਕਿ ਉਹ ਉਚੇਰੀ ਜ਼ਾਤ ਵਿਚ ਪੈਦਾ ਹੋਏ ਸਨ। ਉਹਦੀ ਅਗਿਆਨਤਾ, ਉਹਦੀ ਗ਼ਰੀਬੀ ਤੇ ਜਿਹੜਾ ਸਲੂਕ ਉਹਦੇ ਨਾਲ ਹੁੰਦਾ ਹੈ, ਇਨ੍ਹਾਂ ਸਾਰੀਆਂ ਗੱਲਾਂ ਕਾਰਣ ਸਮਾਜ ਤਾਈਂ ਉਹਦਾ ਦਿਲ ਸਖ਼ਤ ਹੋ ਜਾਏਗਾ। ਫ਼ਰਜ਼ ਕਰੋ ਕਿ ਉਹ ਕੋਈ ਪਾਪ ਕਰਦਾ ਹੈ ਤਾਂ ਇਹਦਾ ਖ਼ਮਿਆਜ਼ਾ ਕੌਣ ਭੁਗਤੇਗਾ ? ਰੱਬ ਜਾਂ ਪਾਪ ਕਰਨ ਵਾਲਾ ਜਾਂ ਸਮਾਜ ਦੇ ਗੁਣੀ-ਗਿਆਨੀ ਬੰਦੇ ? ਉਨ੍ਹਾਂ ਲੋਕਾਂ ਨੂੰ ਮਿਲੀਆਂ ਸਜ਼ਾਵਾਂ ਬਾਰੇ ਤੁਸੀਂ ਕੀ ਆਖੋਗੇ, ਜਿਨ੍ਹਾਂ ਨੂੰ ਹਿਰਨੀ ਤੇ ਹੰਕਾਰੀ ਬ੍ਰਾਹਮਣਾਂ

ਨੇ ਜਾਣ ਬੁੱਝ ਕੇ ਅਗਿਆਨਤਾ ਦੀਆਂ ਗਾਰਾਂ ਵਿਚ ਸੁੱਟਿਆ ਸੀ। ਉਨ੍ਹਾਂ ਦਾ ਕਸੂਰ ਇਹੋ ਸੀ ਕਿ ਉਨ੍ਹਾਂ ਪਾਪੀਆਂ ਨੇ ਤੁਹਾਡੇ ਗਿਆਨ ਦੀਆਂ ਪਵਿੱਤਰ ਪੋਥੀਆਂ ਵੇਦਾਂ ਦੀਆਂ ਕੁਝ ਸਤਰਾਂ ਆਪਣੇ ਕੰਨੀਂ ਸੁਣ ਲਈਆਂ ਸਨ ਅਤੇ ਤੁਸੀਂ ਉਨ੍ਹਾਂ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾ ਦਿੱਤਾ ਸੀ। ਜੇ ਉਨ੍ਹਾਂ ਨੇ ਕੋਈ ਕਸੂਰ ਕੀਤਾ ਸੀ ਤਾਂ ਇਹਦਾ ਜ਼ਿੰਮੇਦਾਰ ਕੌਣ ਸੀ ਤੇ ਬਿਪਤਾ ਕਿਹਦੇ ਸਿਰ ਪੈਣੀ ਸੀ? ਮੇਰੇ ਪਿਆਰੇ ਦੋਸਤੋ: ਇਹ ਸਾਰੇ ਸਿਧਾਂਤ ਖ਼ਾਸ ਅਧਿਕਾਰਾਂ ਦੇ ਮਾਲਕਾਂ ਦੀਆਂ ਕਾਢਾਂ ਹੀ ਹਨ। ਇਨ੍ਹਾਂ ਸਿਧਾਂਤਾਂ ਸਦਕਾ ਉਹ ਆਪਣੀ ਲੁੱਟੀ ਹੋਈ ਤਾਕਤ, ਦੌਲਤ ਤੇ ਉਤਮਤਾ ਨੂੰ ਵਾਜਬ ਠਹਿਰਾਉਂਦੇ ਹਨ। ਹਾਂ, ਸ਼ਾਇਦ ਅਪਟਨ ਸਿਨਕਲੇਅਰ[5] ਨੇ ਕਿਸੇ ਥਾਂ ਲਿਖਿਆ ਸੀ ਕਿ ਬੰਦੇ ਨੂੰ (ਆਤਮਾ ਦੀ) ਅਮਰਤਾ ਵਿਚ ਯਕੀਨ ਕਰਨ ਲਾ ਦਿਓ ਅਤੇ ਫੇਰ ਉਹਦੇ ਕੋਲ ਜੋ ਕੁਝ ਵੀ ਹੈ, ਉਹ ਲੁੱਟ ਲਓ। ਉਹ ਸਗੋਂ ਹੱਸ ਕੇ ਤੁਹਾਡੀ ਮਦਦ ਕਰੇਗਾ। ਧਾਰਮਕ ਉਪਦੇਸ਼ਕਾਂ ਤੇ ਹੁਕਮਰਾਨਾਂ ਨੇ ਮਿਲੀ ਭੁਗਤ ਕਰਕੇ ਜੇਲ੍ਹਾਂ, ਫਾਹੀਆਂ, ਕੋਰੜੇ ਤੇ ਇਨ੍ਹਾਂ ਸਿਧਾਂਤਾਂ ਦੀ ਕਾਢ ਕੱਢੀ।

ਮੈਨੂੰ ਇਹ ਦੱਸੋ ਕਿ ਤੁਹਾਡਾ ਸਰਬਸ਼ਕਤੀਮਾਨ ਰੱਬ ਹਰ ਕਿਸੇ ਬੰਦੇ ਨੂੰ ਕਸੂਰ ਜਾਂ ਪਾਪ ਕਰਨੋਂ ਵਰਜਦਾ ਕਿਉਂ ਨਹੀਂ? ਉਹਦੇ ਲਈ ਤਾਂ ਇਹ ਕੰਮ ਬਹੁਤ ਸੌਖਾ ਹੈ। ਉਹਨੇ ਜੰਗਬਾਜ਼ਾਂ ਨੂੰ ਕਿਉਂ ਨਾ ਜਾਨੋਂ ਮਾਰਿਆ ਜਾਂ ਉਨ੍ਹਾਂ ਦੇ ਜੰਗੀ ਪਾਗਲਪਨ ਨੂੰ ਮਾਰ ਕੇ ਵੱਡੀ ਜੰਗ ਨਾਲ ਮਨੁੱਖਤਾ ਉਤੇ ਆਈ ਪਰਲੋ ਨੂੰ ਕਿਉਂ ਨਾ ਬਚਾਇਆ? ਉਹ ਅੰਗਰੇਜ਼ ਲੋਕਾਂ ਦੇ ਮਨਾਂ ਵਿਚ ਕੋਈ ਐਹੋ ਜਿਹਾ ਜਜ਼ਬਾ ਕਿਉਂ ਨਹੀਂ ਪਾ ਦਿੰਦਾ ਕਿ ਉਹ ਹਿੰਦੁਸਤਾਨ ਨੂੰ ਛੱਡ ਕੇ ਚਲੇ ਜਾਣ? ਉਹ ਸਾਰੇ ਸਰਮਾਏਦਾਰਾਂ ਦੇ ਦਿਲਾਂ ਵਿਚ ਇਹ ਜਜ਼ਬਾ ਕਿਉਂ ਨਹੀਂ ਭਰ ਦਿੰਦਾ ਕਿ ਉਹ ਪੈਦਾਵਾਰੀ ਸਾਧਨਾਂ ਦੀ ਸਾਰੀ ਨਿੱਜੀ ਜਾਇਦਾਦ ਨੂੰ ਛੱਡ ਦੇਣ ਤੇ ਸਾਰੇ ਮਿਹਨਤਕਸ਼ ਤਬਕੇ ਨੂੰ ਹੀ ਨਹੀਂ ਸਗੋਂ ਸਾਰੇ ਮਨੁੱਖੀ ਸਮਾਜ ਨੂੰ ਪੂੰਜੀਵਾਦ ਦੇ ਬੰਧਨ ਤੋਂ ਛੁਟਕਾਰਾ ਪਾ ਦੇਣ ਤੁਸੀਂ ਬਹਿਸ ਕਰਨਾ ਚਾਹੋਗੇ ਕਿ ਸਮਾਜਵਾਦੀ ਸਿਧਾਂਤ ਲਾਗੂ ਹੋ ਸਕਦਾ ਹੈ ਜਾਂ ਨਹੀਂ, ਮੈਂ ਇਹਨੂੰ ਲਾਗੂ ਕਰਨ ਦਾ ਜ਼ਿੰਮਾ ਤੁਹਾਡੇ ਪਰਵਰਦਿਗਾਰ ਉਤੇ ਸੁੱਟਦਾ ਹਾਂ। ਜਿਥੋਂ ਤਕ ਆਮ ਲੋਕ ਭਲਾਈ ਦਾ ਸੰਬੰਧ ਹੈ, ਲੋਕਾਂ ਨੂੰ ਸਮਾਜਵਾਦ ਦੇ ਗੁਣਾਂ ਦਾ ਪਤਾ ਹੈ। ਉਹ ਇਹਦਾ ਵਿਰੋਧ ਇਸ ਨੁਕਤੇ ਤੋਂ ਕਰਦੇ ਹਨ ਕਿ ਇਹ ਲਾਗੂ ਨਹੀਂ ਹੋ ਸਕਦਾ। ਚਲੋ ਤੁਹਾਡਾ ਰੱਬ ਆਵੇ ਤੇ ਸਭ ਕੁਝ ਬਾਕਾਇਦਾ ਤਰੀਕੇ ਨਾਲ ਕਰ ਦੇਵੇ। ਹੁਣ ਤੁਸੀਂ ਦਲੀਲ ਵਿਚੋਂ ਦਲੀਲ ਕੱਢਣ ਦੀ ਕੋਸ਼ਿਸ਼ ਨਾ ਕਰਨੀ। ਮੈਂ ਤੁਹਾਨੂੰ ਦੱਸਦਾ ਹਾਂ ਹਿੰਦੁਸਤਾਨ ਉਤੇ ਜੋ ਬਰਤਾਨਵੀ ਹਕੂਮਤ ਹੈ ਤਾਂ ਇਹ ਰੱਬ ਦੀ ਮਰਜ਼ੀ ਕਾਰਣ ਨਹੀਂ ਹੈ, ਸਗੋਂ ਇਸ ਕਾਰਣ ਹੈ ਕਿ ਸਾਡੇ ਵਿਚ ਇਹਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਹੈ। ਉਹ ਰੱਬ ਦੀ ਮਦਦ ਨਾਲ ਸਾਨੂੰ ਗ਼ੁਲਾਮ ਨਹੀਂ ਰਖ ਰਹੇ, ਸਗੋਂ ਉਨ੍ਹਾਂ ਨੇ ਬੰਦੂਕਾਂ-ਤੋਪਾਂ, ਬੰਬਾਂ, ਗੋਲੀਆਂ, ਪੁਲਸ, ਫ਼ੌਜ ਦੀ ਮਦਦ ਨਾਲ ਸਾਨੂੰ ਗ਼ੁਲਾਮ ਬਣਾਇਆ ਹੋਇਆ ਹੈ ਅਤੇ ਸਾਡਾ ਹੀ ਕਸੂਰ ਹੈ ਕਿ ਉਹ (ਮਨੁੱਖੀ) ਸਮਾਜ ਵਿਰੁਧ ਸਭ ਤੋਂ ਵਧ ਘਿਣਾਉਣਾ ਗੁਨਾਹ ਇਹ ਕਰ ਰਹੇ ਹਨ ਕਿ ਇਕ ਕੌਮ ਹੱਥੋਂ ਦੂਜੀ ਕੌਮ ਲੁੱਟੀ ਜਾ ਰਹੀ ਹੈ। ਕਿਥੇ ਹੈ ਰੱਬ? ਉਹ ਕਰ ਕੀ ਰਿਹਾ ਹੈ? ਕੀ ਉਹ ਮਨੁੱਖਤਾ ਦੀਆਂ ਇਨ੍ਹਾਂ ਸਾਰੀਆਂ ਦੁੱਖ ਤਕਲੀਫ਼ਾਂ ਦਾ ਮਜ਼ਾ ਲੈ ਰਿਹਾ ਹੈ? ਉਹ ਨੀਰੋ ਹੈ, ਉਹ ਚੰਗੇਜ਼ ਖ਼ਾਂ ਹੈ। ਰੱਬ ਮੁਰਦਾਬਾਦ!

ਤੁਸੀਂ ਮੈਨੂੰ ਇਹ ਪੁੱਛੋਗੇ ਕਿ ਇਸ ਦੁਨੀਆਂ ਦਾ ਤੇ ਮਨੁੱਖ ਦਾ ਆਰੰਭ ਕਿਵੇਂ ਹੋਇਆ ਸੀ। ਚਾਰਲਿਸ ਡਾਰਵਿਨ[6] ਨੇ ਇਸ ਵਿਸ਼ੇ ਬਾਰੇ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਉਹਦਾ ਮੁਤਾਲਿਆ ਕਰੋ। ਸੋਹੰ ਸਵਾਮੀ ਦੀ ਕਿਤਾਬ **ਕਾਮਨਸੈਂਸ (ਸਾਧਾਰਣ ਗਿਆਨ)** ਪੜ੍ਹੋ। ਤੁਹਾਨੂੰ ਇਸ ਸਵਾਲ ਦਾ ਕੁਝ ਹੱਦ ਤਕ ਜਵਾਬ ਮਿਲ ਜਾਏਗਾ। ਇਹ ਕੁਦਰਤ ਦਾ ਕਿਸਾ ਹੈ। ਵੱਖ ਵੱਖ ਪਦਾਰਥਾਂ ਦੇ ਇਤਫ਼ਾਕੀਆ ਮੇਲ ਨਾਲ ਧਰਤੀ ਨੇਬੂਲੇ ਦੇ ਰੂਪ ਵਿਚ ਪੈਦਾ ਹੋਈ ਸੀ। ਕਦੋਂ? ਇਹ ਜਾਣਨ ਲਈ ਇਤਿਹਾਸ ਪੜ੍ਹੋ। ਇਸੇ ਅਮਲ ਵਿਚ ਜਾਨਵਰ ਤੇ ਫੇਰ ਅਖ਼ੀਰ ਵਿਚ ਮਨੁੱਖ ਪੈਦਾ ਹੋਇਆ ਸੀ। ਤੁਸੀਂ ਡਾਰਵਿਨ ਦੀ ਕਿਤਾਬ ਓਰਿਜਨ ਆਫ਼ ਸਪੀਸੀਜ਼ ਪੜ੍ਹੋ। ਅਤੇ ਉਸ ਤੋਂ ਮਗਰੋਂ ਜੋ ਵੀ ਉਨਤੀ ਹੋਈ, ਉਹ ਮਨੁੱਖ ਦੀ ਕੁਦਰਤ ਨਾਲ ਲਗਾਤਾਰ ਟੱਕਰ ਤੇ ਮਨੁੱਖ ਵਲੋਂ ਕੁਦਰਤ ਉਤੇ ਕਾਬੂ ਪਾਉਣ ਦੀ ਕੋਸ਼ਿਸ਼ ਵਜੋਂ ਹੋਈ ਸੀ। ਧਰਤੀ ਦੇ ਆਦਿ ਬਾਰੇ ਇਹ ਸਭ ਤੋਂ ਸੰਖੇਪ-ਜਿਹਾ ਵੇਰਵਾ ਹੈ।

ਤੁਹਾਡਾ ਅਗਲਾ ਸਵਾਲ ਇਹ ਹੋ ਸਕਦਾ ਹੈ ਕਿ ਪਿਛਲੇ ਜਨਮ ਵਿਚ ਮਾੜੇ ਕਰਮ ਨਾ ਕੀਤੇ ਹੋਣ ਤਾਂ ਕੋਈ ਬੱਚਾ ਅੰਨ੍ਹਾ ਜਾਂ ਲੰਗੜਾ ਕਿਉਂ ਜੰਮਦਾ ਹੈ? ਜੀਵ-ਵਿਗਿਆਨੀਆਂ ਨੇ ਇਸ ਸਮੱਸਿਆ ਦਾ ਜ਼ਿਕਰ ਕੀਤਾ ਹੈ ਕਿ ਇਹ ਜੀਵ-ਵਿਗਿਆਨਿਕ ਕਿਰਿਆ ਹੈ। ਇਹਦੇ ਕਾਰਣ ਬੱਚੇ ਦੇ ਮਾਂ-ਪਿਉ ਦੇ ਜੀਵ-ਇਤਿਹਾਸ ਵਿਚ ਹੀ ਹੁੰਦੇ ਹਨ।

ਕੁਦਰਤਨ ਤੁਸੀਂ ਇਕ ਹੋਰ ਸਵਾਲ ਪੁਛ ਸਕਦੇ ਹੋ—ਭਾਵੇਂ ਕਿ ਇਹ ਨਿਰਾ ਬਚਗਾਨਾ ਸਵਾਲ ਹੀ ਹੈ। ਉਹ ਸਵਾਲ ਇਹ ਹੈ ਕਿ ਜੇ ਰੱਬ ਨਹੀਂ ਸੀ ਤਾਂ, ਤਾਂ ਫੇਰ ਲੋਕ ਉਹਨੂੰ ਮੰਨਣ ਕਿਵੇਂ ਲੱਗੇ? ਮੇਰਾ ਜਵਾਬ ਸਪਸ਼ਟ ਤੇ ਸੰਖੇਪ ਹੋਏਗਾ। ਜਿਵੇਂ ਲੋਕ ਭੂਤ-ਪਰੇਤਾਂ ਨੂੰ ਮੰਨਣ ਲੱਗ ਪਏ ਸੀ, ਉਵੇਂ ਹੀ ਉਹ ਰੱਬ ਨੂੰ ਮੰਨਣ ਲੱਗ ਪਏ। ਫ਼ਰਕ ਸਿਰਫ਼ ਏਨਾ ਹੈ ਕਿ ਰੱਬ ਵਿਚ ਵਿਸ਼ਵਾਸ ਤਕਰੀਬਨ ਸਰਬਵਿਆਪਕ ਹੈ ਤੇ ਇਹਦਾ ਦਰਸ਼ਨ ਕਾਫ਼ੀ ਵਿਕਸਿਤ ਹੈ। ਕੁਝ ਪਰਿਵਰਤਨ-ਕਾਰੀਆਂ (ਰੈਡੀਕਲਜ਼) ਵਾਂਗ ਮੇਰਾ ਇਹ ਵਿਚਾਰ ਨਹੀਂ ਹੈ ਕਿ ਰੱਬ ਦਾ ਆਦਿ ਲੁਟ-ਖਸੁੱਟ ਕਰਨ ਵਾਲਿਆਂ ਦੀ ਕਰਤੂਤ ਸੀ, ਤਾਂ ਕਿ ਉਹ ਸਰਬਉਚ ਸੱਤਾ ਦੀ ਹੋਂਦ ਦਾ ਪ੍ਰਚਾਰ ਕਰ ਕੇ, ਆਪਣੀਆਂ—ਗੱਦੀਆਂ ਕਾਇਮ ਰੱਖਣ ਲਈ ਲੋਕਾਂ ਨੂੰ ਗ਼ੁਲਾਮ ਰਖ ਸਕਣ। ਭਾਵੇਂ ਕਿ ਉਨ੍ਹਾਂ ਨਾਲ ਮੇਰਾ ਇਸ ਜ਼ਰੂਰੀ ਨੁਕਤੇ ਨਾਲ ਕੋਈ ਮੱਤਭੇਦ ਨਹੀਂ ਹੈ ਕਿ ਸਾਰੇ ਧਾਰਮਿਕ ਮੱਤ, ਧਰਮ, ਸਿਧਾਂਤ ਤੇ ਹੋਰ ਇਹੋ ਜਿਹੀਆਂ ਸੰਸਥਾਵਾਂ ਆਖ਼ਰਕਾਰ ਜਾਬਰ, ਦਮਨਕਾਰੀ ਸੰਸਥਾਵਾਂ, ਵਿਅਕਤੀਆਂ ਤੇ ਜਮਾਤਾਂ ਦੀਆਂ ਹਮਾਇਤੀ ਹੀ ਹੋ ਨਿਬੜੀਆਂ ਹਨ। ਹਰ ਧਰਮ ਇਹ ਕਹਿੰਦਾ ਹੈ ਕਿ ਬਾਦਸ਼ਾਹ ਵਿਰੁੱਧ ਬਗ਼ਾਵਤ ਕਰਨਾ ਹਮੇਸ਼ਾਂ ਹੀ ਪਾਪ ਹੁੰਦਾ ਹੈ।

ਰੱਬ ਦੇ ਆਦਿ ਬਾਰੇ ਮੇਰਾ ਆਪਣਾ ਵਿਚਾਰ ਇਹ ਹੈ ਕਿ ਜਦ ਮਨੁੱਖ ਨੂੰ ਆਪਣੀਆਂ ਸੀਮਾਵਾਂ, ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ, ਤਾਂ ਉਹਨੇ ਰੱਬ ਕਾਲਪਨਿਕ ਹੋਂਦ ਬਣਾ ਲਈ, ਤਾਂਕਿ ਇਮਤਹਾਨੀ ਹਾਲਤ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਲਈ ਮਨੁਖ ਨੂੰ ਹੌਸਲਾ ਮਿਲੇ, ਤਾਂ ਕਿ ਸਾਰੇ ਖ਼ਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖ਼ੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ ਉਤੇ ਕਾਬੂ ਪਾ ਸਕੇ। ਮਨੁੱਖ ਨੇ ਰੱਬ ਨੂੰ ਇਹਦੇ ਨਿਜਰੂਪਕ ਨੇਮਾਂ ਤੇ ਪਾਲਣਹਾਰ ਗੁਣਾਂ ਦੇ ਰੂਪ ਵਿਚ ਚਿਤਵਿਆ ਸੀ ਤੇ ਚਿਤਰਿਆ ਸੀ। ਉਹਦੀ ਕਰੋਪੀ ਤੇ ਨਿੱਜਰੂਪਕ ਨੇਮਾਂ ਨੂੰ ਵਿਚਾਰਨ ਵੇਲੇ ਉਹ ਤਾੜਨਾ ਦਾ ਕੰਮ ਦਿੰਦਾ ਸੀ, ਤਾਂ ਕਿ ਮਨੁਖ ਸਮਾਜ ਵਾਸਤੇ ਖ਼ਤਰਾ ਨਾ ਬਣ ਜਾਵੇ। ਉਹਦੇ ਪਾਲਣਹਾਰ ਗੁਣਾਂ ਵਿਚ ਉਹ ਮਾਂ-ਪਿਤਾ, ਭੈਣ, ਭਾਈ, ਦੋਸਤ ਤੇ ਮਦਦਗਾਰ ਸੀ। ਤਾਂਕਿ ਉਸ ਹਾਲਤ ਵਿਚ ਜਦ ਬੰਦੇ ਨੂੰ ਔਖੀ ਵੇਲੇ ਹਰ ਕੋਈ ਛਡ ਜਾਏ, ਤਾਂ ਉਸ ਘੜੀ ਵੀ ਬੰਦੇ ਨੂੰ ਇਹ ਧਰਵਾਸ ਰਹੇ ਕਿ ਉਹਦੀ ਮਦਦ ਕਰਨ ਲਈ, ਉਹਨੂੰ ਢਾਰਸ ਦੇਣ ਲਈ ਸਦਾ ਸਲਾਮਤ ਰਹਿਣ ਵਾਲਾ ਸੱਚਾ ਮਿੱਤ੍ਰ ਰੱਬ ਹੈ। ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਵੰਦ ਸੀ। ਔਖੀ ਘੜੀ ਵੇਲੇ ਰੱਬ ਦਾ ਵਿਚਾਰ ਬੰਦੇ ਲਈ ਮਦਦਗਾਰ ਹੁੰਦਾ ਹੈ।

ਸਮਾਜ ਦੇ ਜਿਵੇਂ ਬੁਤਪੂਜਾ ਤੇ ਧਰਮ ਦੇ ਤੰਗਨਜ਼ਰ ਸੰਕਲਪ ਵਿਰੁਧ ਲੜਾਈ ਲੜੀ ਸੀ, ਓਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁਧ ਲੜਨਾ ਪੈਣਾ ਹੈ। ਇਸੇ ਤਰ੍ਹਾਂ ਜਦ ਬੰਦਾ ਆਪਣੇ ਪੈਰੀਂ ਹੋਣ ਦੀ ਕੋਸ਼ਿਸ਼ ਕਰਨ ਲੱਗਾ ਤੇ ਯਥਾਰਥ-ਵਾਦੀ ਹੋਣ ਲੱਗਾ, ਤਾਂ ਉਹਨੂੰ ਰੱਬ ਦਾ ਵਿਸ਼ਵਾਸ ਲਾਂਭੇ ਸੁੱਟਣਾ ਪਏਗਾ ਅਤੇ

ਹਰ ਮੁਸ਼ਕਲ, ਹਰ ਆਫ਼ਤ ਤੇ ਹਰ ਤਰ੍ਹਾਂ ਦੀ ਹਾਲਤ ਦਾ ਡੱਟ ਕੇ ਮੁਕਾਬਲਾ ਕਰਨਾ ਪਏਗਾ। ਇਸ ਵੇਲੇ ਮੇਰੀ ਹਾਲਤ ਬਿਲਕੁਲ ਇਹੀ ਹੈ। ਮੇਰੇ ਦੋਸਤੋ ਮੇਰਾ ਇਹ ਕੋਈ ਅਹੰਕਾਰ ਨਹੀਂ ਹੈ। ਮੈਂ ਆਪਣੀ ਸੋਚਣ ਵਿਧੀ ਨਾਲ ਹੀ ਨਾਸਤਕ ਬਣਿਆ ਹਾਂ। ਮੇਰਾ ਖ਼ਿਆਲ ਨਹੀਂ ਕਿ ਰੱਬ ਵਿਚ ਵਿਸ਼ਵਾਸ ਕਰਨ ਨਾਲ ਤੇ ਹਰ ਰੋਜ਼ ਅਰਦਾਸ ਕਰਨ ਨਾਲ (ਜਿਹੜਾ ਕਿ ਮੈਂ ਮਨੁੱਖ ਦਾ ਸਭ ਤੋਂ ਵਧ ਖ਼ੁਦਗਰਜ਼ੀ ਵਾਲਾ ਤੇ ਘਟੀਆ ਕੰਮ ਸਮਝਦਾ ਹਾਂ) ਮੇਰਾ ਕੁਝ ਸੌਰ ਸਕਦਾ ਹੈ ਜਾਂ ਇਹਦੇ ਨਾਲ ਮੇਰੀ ਹਾਲਤ ਹੋਰ ਵੀ ਭੈੜੀ ਹੋ ਜਾਏਗੀ। ਮੈਂ ਉਨ੍ਹਾਂ ਨਾਸਤਕਾਂ ਬਾਰੇ ਪੜ੍ਹਿਆ ਹੈ, ਜਿਨ੍ਹਾਂ ਨੇ ਬਹੁਤ ਡਟ ਕੇ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕੀਤਾ ਸੀ। ਇਸੇ ਲਈ ਮੈਂ ਅਖ਼ੀਰ ਤਕ, ਫਾਂਸੀ ਦੇ ਤਖ਼ਤੇ ਉਤੇ ਵੀ, ਮਰਦ ਵਾਂਗ ਸਿਰ ਤਾਣ ਕੇ ਸਾਬਤਕਦਮ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ।

ਦੇਖੀਏ ਮੈਂ ਇਸ ਉਤੇ ਕਿੰਨਾ ਕੁ ਪੂਰਾ ਉਤਰਦਾ ਹਾਂ। ਮੇਰੇ ਕਿਸੇ ਦੋਸਤ ਨੇ ਮੈਨੂੰ ਅਰਦਾਸ ਕਰਨ ਲਈ ਕਿਹਾ ਸੀ। ਜਦ ਮੈਂ ਉਹਨੂੰ ਦੱਸਿਆ ਕਿ ਮੈਂ ਤਾਂ ਨਾਸਤਕ ਹਾਂ, ਤਾਂ ਉਹ ਕਹਿਣ ਲੱਗਾ : "ਦੇਖੀਂ ਆਪਣੇ ਅਖ਼ੀਰੀ ਦਿਨਾਂ 'ਚ ਤੂੰ ਰੱਬ ਨੂੰ ਮੰਨਣ ਲਗ ਜਾਏਂਗਾ।" ਮੈਂ ਅੱਗੋਂ ਕਿਹਾ, ਨਹੀਂ ਪਿਆਰੇ ਜਨਾਬ ਜੀ, ਇਸ ਤਰ੍ਹਾਂ, ਹਰਗਿਜ਼ ਨਹੀਂ ਹੋਣ ਲੱਗਾ। ਇੰਜ ਕਰਨਾ ਮੇਰੇ ਲਈ ਬੜੀ ਘਟੀਆ ਤੇ ਪਸਤੀ ਵਾਲੀ ਗੱਲ ਹੋਵੇਗੀ। ਖ਼ੁਦਗਰਜ਼ੀ ਵਾਸਤੇ ਮੈਂ ਅਰਦਾਸ ਨਹੀਂ ਕਰਨੀ। ਪਾਠਕੋ ਤੇ ਦੋਸਤੋ, ਕੀ ਇਹ ਹਉਮੈ ਹੈ? ਜੇ ਹੈ, ਤਾਂ ਮੈਨੂੰ ਹਉਮੈ ਚੰਗੀ ਲਗਦੀ ਹੈ। •

---

1. **ਲਿਓਨ ਟਰਾਟਸਕੀ (1879-1940) ਅਕਤੂਬਰ ਇਨਕਲਾਬ ਦਾ ਕੁਚਰਚਿਤ ਆਗੂ।**

2. **ਮਿਖ਼ਾਇਲ ਅਲੈਗਜ਼ਾਂਦਰੋ ਵਿਚ ਬਾਕੂਨਿਨ (1814-1876) ਰੂਸੀ ਇਨਕਲਾਬੀ, ਲੇਖਕ, ਅਰਾਜਕਤਾਵਾਦ ਦਾ ਸਿਧਾਂਤਕਾਰ ਤੇ ਪਹਿਲੀ ਇੰਟਰਨੈਸ਼ਨਲ ਵਿਚ ਮਾਰਕਸਵਾਦ ਦਾ ਦੁਸ਼ਮਣ—ਅਨੁ.**

3. ਰਾਮਾਇਣ ਦੀ ਰਚਨਾ ਤੋਂ ਵੀ ਪਹਿਲਾਂ ਹੋਇਆ ਸੰਦੇਹਵਾਦੀ ਦਾਰਸ਼ਨਿਕ, ਜਿਹੜਾ ਪਦਾਰਥਵਾਦੀ ਸਿਧਾਂਤ ਦਾ ਪ੍ਰਚਾਰਕ ਸੀ। ਸਮੇਂ ਦੇ ਹਾਕਮਾਂ ਨੇ ਉਹਨੂੰ ਜੀਉਂਦੇ ਨੂੰ ਸਾੜ ਦਿੱਤਾ ਸੀ।—ਅਨੁ.

4. ਪੁਰਾਤਨ ਰੋਮ ਵਿਚ ਗ਼ੁਲਾਮਾਂ, ਜੰਗੀ ਕੈਦੀਆਂ ਜਾਂ ਸਜ਼ਾ ਮੁਜਰਮਾਂ ਨੂੰ ਰਾਜੇ ਦੇ ਦਰਬਾਰ ਵਿਚ ਆਪਸ ਵਿਚ ਜਾਨਲੇਵਾ ਤਲਵਾਰਬਾਜ਼ੀ ਕਰਨ ਦੀ ਬਹੁਤ ਸਖ਼ਤ ਕਿਸਮ ਦੀ ਸਿਖਲਾਈ ਦਿੱਤੀ ਜਾਂਦੀ ਸੀ। ਰਾਜਾ ਕਈ ਵਾਰ ਮਜ਼ੇ ਖ਼ਾਤਰ ਗ਼ੁਲਾਮਾਂ ਨੂੰ ਭੁੱਖੇ ਸ਼ੇਰਾਂ ਅੱਗੇ ਛੱਡ ਦਿੰਦਾ ਸੀ। ਗਲੈਡੀਏਟਰ ਲਾਤੀਨੀ ਬੋਲੀ ਦਾ ਸ਼ਬਦ ਹੈ ਤੇ ਇਹਦਾ ਅਰਥ ਹੈ : ਤਲਵਾਰਬਾਜ਼।—ਅਨੁ.

5. ਅਪਟਨ ਸਿਨਕਲੇਅਰ (1878 ?) ਅਮਰੀਕੀ ਲੇਖਕ ਤੇ ਸੋਸ਼ਲਿਟ ਪਾਰਟੀ ਦਾ ਕਾਰਕੁੰਨ। ਭਗਤ ਸਿੰਘ ਦਾ ਇਸ਼ਾਰਾ ਸ਼ਾਇਦ ਸਿਨਕਲੇਅਰ ਦੇ 1918 ਵਿਚ ਲਿਖੇ ਪੈਂਫਲਟ ਪਰੌਫ਼ਿਟਸ ਆਫ ਰਿਲੀਜਨ (ਧਰਮ ਦੇ ਮੁਨਾਫ਼ੇ) ਵਲ ਹੈ।—ਅਨੁ.

6. ਚਾਰਲਿਸ ਡਾਰਵਿਨ (1809-1882) ਅੰਗਰੇਜ਼ ਪ੍ਰਕ੍ਰਿਤਵਾਦੀ। ਉਨੀਵੀਂ ਸਦੀ ਦੀ ਸਭ ਤੋਂ ਵੱਡੀ ਜਿੱਤ ਉਹਦੀ 1859 ਵਿਚ ਛਪੀ ਕਿਤਾਬ 'ਓਰਿਜਨ ਆਵ ਸਪੀਸੀਜ਼' ਸੀ, ਜਿਸ ਵਿਚ ਪ੍ਰਕ੍ਰਿਤੀ ਦੇ ਵਿਕਾਸ ਦਾ ਸਿਧਾਂਤ ਸੀ। ਇਸ ਸਿਧਾਂਤ ਨੇ ਕੁਦਰਤ ਸੰਬੰਧੀ ਧਾਰਮਕ ਤੇ ਵਿਚਾਰਵਾਦੀ ਸੰਕਲਪਾਂ ਨੂੰ ਤੋੜ ਦਿੱਤਾ।—ਅਨੁ.

---

(ਸਫ਼ਾ 38 ਦੀ ਬਾਕੀ---)

ਜਿਨ੍ਹਾਂ ਕੁਝ ਕੁ ਰੂਹਾਂ ਦਾ ਛੱਟਾ ਆਪ ਦਿੱਤਾ
ਤੇ ਜਿਹੜਾ ਇੱਕ ਤੋਂ ਹਜ਼ਾਰਾਂ ਪੈਦਾ ਕਰੇਗਾ
ਮਰਜੀਵੜਿਆਂ ਦੇ ਵਾਰਸ
ਜੋ ਸਰਹਿੰਦ ਦੀ ਪਿਲੱਤਣ ਨੂੰ ਲਾਲੀ 'ਚ ਬਦਲਣਗੇ
ਤੇ ਖੋਹ ਲੈਣਗੇ
ਸਦੀਆਂ ਤੋਂ ਰੋਗੀ ਹੋਈ ਧਰਤ ਦੀਆਂ ਖੁਸ਼ੀਆਂ

## 2. ਕਿੰਨਾ ਕੁ ਸਮਾਂ ਹੋਰ ਵੇਖੋਗੇ ?

ਮੈਂ ਉਨ੍ਹਾਂ ਨਿਵੇਕਲੇ ਮਨੁੱਖਾਂ ਅੱਗੇ ਝੁਕਣਾਂ
ਜਿੰਨ੍ਹਾਂ ਆਪਾ ਵਾਰਿਆ
ਮੈਂ ਉਨ੍ਹਾਂ ਸਿਰਲੱਥਾਂ ਤੇ ਮਾਣ ਕਰਨਾ
ਜਿੰਨ੍ਹਾਂ ਮੰਜ਼ਲ ਜ਼ਿੰਦਾ ਰੱਖੀ
ਮੈਂ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦਾ ਰਿਣੀ ਹੋਵਾਂਗਾ
ਜੋ ਪੁਰਾਣੀਆਂ ਪੈੜਾਂ ਨੂੰ ਸੁਰਜੀਤ ਰੱਖਣਗੇ
ਕਦੀ ਨਹੀਂ ਭੁੱਲਣਗੇ
ਨਲੂਏ ਦੇ ਖੜਕੇ ਖੰਡੇ ਦੀਆਂ ਆਵਾਜ਼ਾਂ
ਅਤੇ ਜੁਝਾਰ ਦੀ ਚਮਕੀ ਤੇਗ ਦੀ ਲਿਸ਼ਕੋਰ
ਜਿਨ੍ਹਾਂ ਸਦੀਆਂ ਤੋਂ ਦੱਬੇ ਵਰਗ ਨਾਲ
ਖਲੋ ਕੇ ਹੀ ਨਹੀਂ, ਹਿੱਕਾਂ ਡਾਹਕੇ ਦੱਸਿਆ
ਸਾਨੂੰ ਗੈਰਤਮੰਦਾਂ ਵਾਂਗ ਜਿਉਣਾ
ਜਿਨ੍ਹਾਂ ਦੀਆਂ ਪੈੜਾਂ ਅੱਜ ਵੀ ਅਮਰ ਨੇ
ਗੜ੍ਹੀ ਚਮਕੌਰ ਦੀ ਮਿੱਟੀ ਵਿਚ
ਅੱਜ ਵਕਤ ਏ
ਫਿਰ ਉਨ੍ਹਾਂ ਪਾਈਆਂ ਪੈੜਾਂ 'ਤੇ ਚੱਲਣ ਦਾ
ਉਨ੍ਹਾਂ ਹੋਈਆਂ ਨੂੰ ਦੁਹਰਾ ਕੇ ਕੁਝ ਕਰਨ ਦਾ
ਸਾਥੀਓ !
ਮੰਜ਼ਲਾਂ ਕਦੇ ਸਿਰਫ਼ ਨਕਸ਼ਿਆਂ 'ਤੇ ਵੇਖਿਆਂ
ਨੇੜੇ ਨਹੀਂ ਆਈਆਂ
ਇਹ ਤੁਹਾਡੀ ਮਜ਼ਬੂਤ ਕਦਮੀਂ ਦੀ
ਮੰਗ ਵੀ ਕਰਦੀਆਂ ਨੇ
ਜੇ ਕੁਝ ਚੀਜ਼ ਵੇਖਿਆਂ
ਜਾਂ ਦੁਹਰਾਇਆਂ ਪ੍ਰਾਪਤ ਹੁੰਦੀ ਹੋਵੇ
ਤਾਂ ਫਿਰ ਅੱਜ ਵੀ ਬੈਠੇ ਨੇ
ਨਾਦਰਾਂ ਕੋਲ ਬਹੁਤ ਮੌਲਾਣੇ
ਵੇਖਣ ਲਈ ਵਰਤਮਾਨ ਤੇ ਭਵਿੱਖ
ਅਤੇ ਜਿਹੜੇ ਦਿੰਦੇ ਨੇ ਧਾਗਿਆਂ ਵਿਚੋਂ ਰੋਟੀ
ਤੇ ਆਪਣੇ ਕੱਪੜਿਆਂ ਦੀ ਛੋਹ ਤੋਂ
ਕਿਸੇ ਭੁੱਖ ਦਾ ਸ਼ਿਕਾਰ ਹੋਏ ਬੰਤੇ ਜੱਟ ਦੀ
ਘਰ ਵਾਲੀ ਨੂੰ ਪੁੱਤ
ਤੁਸੀਂ ਸੱਚੀਆਂ ਸ਼ਖ਼ਸੀਅਤਾਂ ਦੇ ਪੈਰੋਕਾਰੋ
ਕਿੰਨਾਂ ਕੁ ਸਮਾਂ ਹੋਰ ਵੇਖੋਗੇ ?
ਇਸ ਤਰ੍ਹਾਂ ਹੁੰਦਾ ਵੇਖਣ ਵਾਲਿਆਂ ਨੂੰ
ਵਕਤ ਕਦੀ ਮੁਆਫ ਨਹੀਂ ਕਰਦਾ
ਕਦੇ ਮੁਆਫ਼ ਨਹੀਂ ਕਰਦਾ...
•**(Edmonton, Alberta)**

# ASIA IMPORT HOUSE

EDMONTON



▼SPECIALIZING IN:

- SAREES, SAREE FALLS
- CUSTOM MADE BLOUSES
- PETTICOATS, WOOLEN SHAWLS
- EXCLUSIVE SUIT SELECTION
- RUMALAS
- HARS, HAIR FIXER
- GOTA, BEARD NETS
- ARTIFICIAL JEWELRY
- TURBANS IN FANCY COLOURS

- EAST INDIAN, WEST INDIAN & FIJIAN GROCERY
- TROPICAL FRESH VEGETABLES AVAILABLE AT ALL TIMES

PHONE: 439-4159 or 439-5261, FOR OUT OF TOWN ORDERS

▼LISTENER'S CHOICE:

INDIAN RECORDS, TAPES, VIDEO FILMS & VIDEO RECORDERS

FOR FRIENDLY SERVICE — VISIT US...

## ASIA IMPORT HOUSE

7912 - 104 STREET
EDMONTON, ALBERTA
439-4159
439-5261

TIPASKAN CENTRE
3230 - 82 STREET
EDMONTON, ALBERTA
468-6749

# ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮੱਤਭੇਦਾਂ ਦਾ ਮਸਲਾ

( ਹੇਠਾਂ ਅਸੀਂ ਵਿਚਾਰ ਚਰਚਾ ਅਧੀਨ ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮੱਤਭੇਦਾਂ 'ਤੇ ਚਾਨਣਾ ਪਾਉਂਦਾ ਸਮਤਾ ਦੇ ਪੱਤਰਕਾਰ ਸਾਥੀ ਆਰ.ਪੀ. ਸਿੱਧੂ ਦਾ ਲੇਖ ਦੇ ਰਹੇ ਹਾਂ। ਅਸੀਂ ਮਹਿਸੂਸ ਕਰਦੇ ਹਾਂ ਕਿ ਅਜੋਕੀ ਸਥਿਤੀ ਵਿਚ ਇਹ ਬਹੁਤ ਹੀ ਗੰਭੀਰ ਮਸਲਾ ਹੈ। ਇਸ ਸਬੰਧ ਵਿਚ ਆਪਣੇ ਪਾਠਕਾਂ, ਹਮਦਰਦਾਂ ਵੱਲੋਂ ਆਏ ਤਰਕਸ਼ੀਲ ਵਿਚਾਰਾਂ ਅਤੇ ਉਸਾਰੂ ਰਾਏ ਦਾ ਅਸੀਂ ਸੁਆਗਤ ਕਰਾਂਗੇ। — ਅਦਾਰਾ)

ਕਮਿਊਨਿਸਟ ਇਨਕਲਾਬੀਆਂ ਵਿਚਕਾਰ ਮਤਭੇਦਾਂ ਦਾ ਮਸਲਾ ਤੇ ਇਹਨਾਂ ਦਾ ਇਕ ਕਮਿਊਨਿਸਟ ਜਥੇਬੰਦੀ ਵਿਚ ਜਥੇਬੰਦ ਹੋ ਸਕਣਾ ਇਨਕਲਾਬੀ ਕਮਿਊਨਿਸਟ ਲਹਿਰ ਨਾਲ ਸੰਬੰਧਿਤ ਸਾਰੇ ਵਿਅਕਤੀਆਂ ਲਈ ਲੰਮੇ ਸਮੇਂ ਤੋਂ ਚਿੰਤਾ ਤੇ ਨਿਰਾਸ਼ਤਾ ਦਾ ਵਿਸ਼ਾ ਬਣਿਆ ਹੋਇਆ ਹੈ। ਹਿੰਦੁਸਤਾਨ ਦੀਆਂ ਦੋਹਵਾਂ ਸਥਾਪਿਤ ਕਮਿਊਨਿਸਟ ਪਾਰਟੀਆਂ ਵਲੋਂ ਭਾਰਤੀ ਇਨਕਲਾਬ ਦੀ ਦਰੁਸਤ ਸੇਧ ਨਾਲ ਅਗਵਾਈ ਮੁਹਈਆ ਕਰਨ ਵਿਚ ਰਹੀ ਨਕਾਮੀ ਤੋਂ ਬਾਅਦ ਇਹਨਾਂ ਨੇ ਆਪਣਾ ਕਮਿਊਨਿਸਟ ਚਰਿਤਰ ਤੇ ਪੜ੍ਹਤ ਵੀ ਤੇਜ਼ੀ ਨਾਲ ਗਵਾਈ ਹੈ। ਇਹਨਾਂ ਹਾਲਤਾਂ ਵਿਚ ਭਾਰਤ ਦੇ ਮਿਹਨਤਕਸ਼ ਲੋਕਾਂ ਤੇ ਖੱਬੇ ਪੱਖੀ ਬੁਧੀਜੀਵੀਆਂ ਦੀ ਇਕੋ ਆਸ 1967 ਦੇ ਨਕਸਲਬਾੜੀ ਉਭਾਰ ਵਿਚੋਂ ਪੈਦਾ ਹੋਏ ਕਮਿਊਨਿਸਟ ਇਨਕਲਾਬੀਆਂ ਤੇ ਹੀ ਰਹੀ ਹੈ। ਕਿਉਂਕਿ ਚਾਹੇ ਇਹ ਵੀ ਅਜੇ ਤੱਕ ਭਾਰਤੀ ਸਮਾਜ ਦੀਆਂ ਠੋਸ ਹਾਲਤਾਂ ਮੁਤਾਬਿਕ ਦਰੁਸਤ ਨੀਤੀ ਘੜ੍ਹਕੇ ਤੇ ਅਮਲ ਵਿਚ ਲਾਗੂ ਕਰਕੇ ਭਾਰਤੀ ਇਨਕਲਾਬ ਨੂੰ ਅੱਗੇ ਲਿਜਾਣ ਵਿਚ ਅਸਫਲ ਰਹੇ ਹਨ ਪ੍ਰੰਤੂ ਫਿਰ ਵੀ ਕਮਿ: ਇਨਕਲਾਬੀਆਂ ਦੇ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਅਸੂਲਾਂ ਤੇ ਇਮਾਨਦਾਰੀ ਤੇ ਦ੍ਰਿੜਤਾ ਨਾਲ ਖੜ੍ਹਨ ਅਤੇ ਇਨਕਲਾਬ ਲਈ ਸਮਰਪਿਤ ਹੋਣ ਤੇ ਕਿੰਤੂ ਨਹੀਂ ਕੀਤਾ ਜਾ ਸਕਦਾ। ਇਥੋਂ ਤੱਕ ਕਿ ਹਰ ਕਿਸਮ ਦੇ ਵਿਰੋਧੀਆ ਵਲੋਂ ਕੀਤਾ ਗਿਆ ਕੋਈ ਵੀ ਪ੍ਰਚਾਰ ਲੋਕਾਂ ਦੇ ਮਨਾਂ ਵਿਚੋਂ ਇਹਨਾਂ ਦੇ ਸੂਰਬੀਰ ਇਨਕਲਾਬੀਆਂ ਵਾਲੇ ਬਣੇ ਹੋਏ ਨਕਸ਼ੇ ਨੂੰ ਧੁੰਦਲਾ ਨਹੀਂ ਸਕਿਆ ਇਸੇ ਲਈ ਇਨਕਲਾਬੀ ਲਹਿਰ ਨਾਲ ਲਗਾਅ ਰੱਖਣ ਵਾਲੇ ਹਰ ਵਿਅਕਤੀ ਦੇ ਮਨ ਵਿਚ ਇਹ ਗਲ ਰੜਕਦੀ ਹੈ ਕਿ ਡੇਢ ਦਹਾਕੇ ਤੋਂ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਹਿੰਦੁਸਤਾਨ ਦੇ ਇਮਾਨਦਾਰ ਕਮਿਊਨਿਸਟ ਇਕ ਪਲੇਟਫਾਰਮ ਤੇ ਇਕਠੇ ਹੋ ਕੇ ਇਕ ਮੁਲਕ ਪੱਧਰੀ ਪਾਰਟੀ ਦੀ ਉਸਾਰੀ ਕਿਉਂ ਨਹੀਂ ਕਰ ਸਕੇ ? ਇਹਨਾਂ ਦੀ ਸ਼ਕਤੀ ਦਾ ਵੱਡਾ ਹਿੱਸਾ ਕਦੇ ਆਪਸੀ ਬਹਿਸ ਤੇ ਕਦੇ ਇਕ ਦੂਜੇ ਉਤੇ ਊਜਾਂ ਲਾਉਣ ਵਿਚ ਕਿਉਂ ਜ਼ਾਇਆ ਹੋ ਰਿਹਾ ਹੈ ? ਕੀ ਕਮਿ: ਇਨ: ਵਿਚਕਾਰ ਜੋ ਮਤਭੇਦ ਜਾਂ ਵੱਖ-2 ਰਾਵਾਂ ਹਨ ਉਹਨਾਂ ਨੂੰ ਇਕ ਪਾਰਟੀ ਦੇ ਢਾਂਚੇ ਅੰਦਰ ਨਹੀਂ ਵਿਚਾਰਿਆ ਜਾ ਸਕਦਾ ? ਅੱਜ ਜਦ ਕਿ ਆਰਥਿਕ ਸੰਕਟ ਦੇ ਹੋਰ ਡੂੰਘਾ ਹੋ ਜਾਣ ਨਾਲ ਨਾਂ ਕੇਵਲ ਆਰਥਿਕ ਪੱਖ ਤੋਂ ਸਗੋਂ ਸਮਾਜਿਕ ਤੇ ਰਾਜਨੀਤਕ ਪੱਖ ਤੋਂ ਵੀ ਲੋਕਾਂ ਦਾ ਜਿਉਣਾ ਦੁੱਭਰ ਹੋ ਗਿਆ ਹੈ ਤਾਂ ਲੋਕਾਂ ਦੇ ਗੁੱਸੇ ਨੂੰ ਸਹੀ ਦਿਸ਼ਾ ਵਿਚ ਅਗਵਾਈ ਦੇਣ ਵਾਲੀ ਇਕ ਜੁੱਟ ਸ਼ਕਤੀ ਵਾਲੀ ਪਾਰਟੀ ਦੀ ਘਾਟ ਹੋਰ ਵੀ ਤਿੱਖੀ ਤਰ੍ਹਾਂ ਚੁਭ ਰਹੀ ਹੈ। ਪਾਰਟੀ ਜਿਹੜੀ ਕਿ ਇਸ ਸਾਰੇ ਵਰਤਾਰੇ ਵਿਚ ਠੋਸ ਦਖਲ-ਅੰਦਾਜ਼ੀ ਕਰ ਸਕੇ, ਜਿਹੜੀ ਕਿ ਇਸ ਸਾਮਰਾਜੀ-ਜਗੀਰੂ ਤਾਣੇਬਾਣੇ ਦੀਆਂ ਤੰਦਾਂ ਕੱਟ ਸਕੇ ਤੇ ਸਮਾਜ ਨੂੰ ਤਿਖੀਆਂ ਇਨਕਲਾਬੀ ਤਬਦੀਲੀਆਂ ਦੇ ਰਾਹ ਪਾ ਸਕੇ।

ਇਸ ਸਾਰੇ ਸੁਆ'ਲ ਦੇ ਸਨਮੁਖ ਆਮ ਵਰਕਰਾਂ ਜਾਂ ਹਮਦਰਦਾਂ ਦੀ ਹਾਲਤ ਇਹ ਹੈ ਕਿ ਉਨ੍ਹਾਂ ਨੂੰ ਇਸ ਬਾਰੇ ਕਿ ਸਾਡੇ ਦੇਸ਼ ਦੇ ਵੱਖ ਵੱਖ ਕਮਿ. ਇਨ. ਗਰੁੱਪ ਕਿਹੜੇ ਕਿਹੜੇ ਇਲਾਕਿਆਂ ਵਿਚ ਕਿਹੜੀਆਂ 2 ਹਾਲਤਾਂ ਥੱਲੇ ਕੰਮ ਕਰ ਰਹੇ ਹਨ ? ਉਹਨਾਂ ਦੀਆਂ ਕੀ ਕੀ ਨੀਤੀਆਂ ਹਨ ? ਕਿਹੜੇ 2 ਦਾਅਪੇਚ ਅਪਣਾਏ ਜਾ ਰਹੇ ਹਨ ? ਇਹਨਾਂ ਨੀਤੀਆਂ ਤੇ ਦਾਅਪੇਚਾਂ ਦੇ ਕੀ ਸਿੱਟੇ ਨਿਕਲੇ ? ਕੀ ਪ੍ਰਾਪਤੀਆਂ ਤੇ ਕੀ ਘਾਟਾਂ ਰਹੀਆਂ ? ਸਾਡੇ ਨਾਲ ਦੂਸਰੇ ਗਰੁਪਾਂ ਦੇ ਕੀ ਮਤਭੇਦ ਹਨ ? ਹੁਣ ਤਕ ਏਕਤਾ ਕਿਉਂ ਨਹੀਂ ਹੋ ਸਕੀ ? ਆਦਿ ਸੁਆਲਾਂ ਦੇ ਸਨਮੁਖ ਕੁਝ ਵੀ ਤਸੱਲੀਬਖਸ਼ ਰੂਪ 'ਚ ਪਤਾ ਨਹੀਂ ਹੁੰਦਾ। ਅਤੇ ਜਦ ਆਗੂ ਵਿਅਕਤੀਆਂ ਨਾਲ ਕਮਿ ਇਨ. ਦੀ ਫੁੱਟ ਦਾ ਮਸਲਾ ਉਠਾਇਆ ਜਾਂਦਾ ਹੈ ਤਾਂ ਉਹ ਇਹ ਕਿ ਰੂਸ ਵਿਚ ਵੀ ਇਨਕਲਾਬ ਆਉਣ ਤੱਕ ਮਜ਼ਦੂਰ ਜਮਾਤ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੇ ਅਨੇਕ ਗਰੁਪ ਸਨ, ਸਹੀ ਲਾਈਨ ਵਾਲੀ ਪਾਰਟੀ ਗਲਤ ਲਾਈਨਾਂ ਨੂੰ ਭਾਂਜ ਦੇ ਕੇ ਹੀ ਉਸਾਰੀ ਜਾ ਸਕਦੀ ਹੈ ਜਾਂ ਅਜਿਹੀ ਹੀ ਕੋਈ ਦਲੀਲ ਦੇਣ ਦੀ ਕੋਸ਼ਿਸ਼ ਕਰਦੇ ਹਨ ਤੇ ਫਿਰ ਹਰ ਕੋਈ ਆਪਣੇ ਆਪ ਨੂੰ ਬਲਸ਼ਵਿਕ ਤੇ ਦੂਸਰਿਆਂ ਨੂੰ ਮੇਨਸ਼ਵਿਕ, ਅਰਾਜਕਤਾਵਾਦੀ, ਸੋਸ਼ਲਿਸਟ-ਇਨਕਲਾਬੀ ਆਦਿ ਸਮਝ ਕੇ ਸਿਧਾਂਤਕ ਗੋਲਾਬਾਰੀ ਕਰ ਦਿੰਦਾ ਹੈ. ਆਪਣੇ ਆਪ ਨੂੰ ਬਿਲਕੁਲ ਠੀਕ ਲਾਈਨ ਦਾ ਝੰਡਾ ਬਰਦਾਰ, ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਨੂੰ ਸਜਿੰਦ ਰੂਪ 'ਚ ਲਾਗੂ ਕਰਨ ਵਾਲੇ ਤੇ ਦੂਸਰਿਆਂ ਨੂੰ ਸੋਧਵਾਦੀ, ਸੁਧਾਰਵਾਦੀ, ਮੌਕਾਪ੍ਰਸਤ, ਕੱਟੜਵਾਦੀ, ਫੁਟਪਾਊ, ਭੰਗਪਾਊ, ਆਦਿ ਆਦਿ ਸਿੱਧ ਕਰਦੇ ਰਹਿੰਦੇ ਹਨ।

ਉਪਰੋਕਤ ਸਾਰੇ ਪ੍ਰਸੰਗ ਵਿਚ ਇਸ ਲੇਖ ਵਿਚ ਕਮਿ. ਇਨਕਲਾਬੀਆਂ ਵਿਚਕਾਰ ਕੀ ਮਤਭੇਦ ਹਨ ? ਉਹ ਬੁਨਿਆਦੀ ਨੀਤੀਆਂ ਨਾਲ ਸੰਬੰਧਿਤ ਹਨ ਜਾਂ ਦਾਅਪੇਚਕ ? ਇਹ ਮਤਭੇਦ ਕਿਵੇਂ ਉਭਰੇ ਤੇ ਇਹਨਾਂ ਦਾ ਕਿਧਰ ਨੂੰ ਵਿਕਾਸ ਹੋਇਆ ਤੇ ਹੋ ਰਿਹਾ ਹੈ ? ਭਾਰਤੀ ਕਮਿਊਨਿਸਟ ਲਹਿਰ ਦੀਆਂ ਸਮਸਿਆਵਾਂ ਤੇ ਬਹਿਸ ਕਰਦੇ ਸਮੇਂ ਇਹਨਾਂ ਵਲੋਂ ਇਕ ਦੂਜੇ ਪ੍ਰਤੀ ਕੀ ਦ੍ਰਿਸ਼ਟੀ-

ਕੋਣ ਤੇ ਵਤੀਰਾ ਅਪਣ ਇਆ ਜਾਂਦਾ ਹੈ ? ਕਿੰਨ੍ਹਾਂ ਗੱਲਾਂ ਦੁਆਲੇ ਇਹਨਾਂ ਦੀ ਮੁੜ ਸਫਬੰਦੀ ਹੋ ਸਕਦੀ ਹੈ ! ਆਦਿ ਸੁਆਲਾਂ ਨੂੰ ਮੁੱਖ ਰੂਪ 'ਚ ਪੰਜਾਬ ਦੇ ਕਮਿ ਇਨਕਲਾਬੀ ਗਰੁੱਪਾਂ/ਪਾਰਟੀਆਂ ਦੇ ਸਬੰਧ ਵਿਚ ਰੱਖ ਕੇ ਵਿਚਾਰਨ ਦੀ ਕੋਸ਼ਿਸ਼ ਕੀਤੀ ਗਈ ਹੈ ।

ਕਮਿਉਨਿਸਟ ਇਨਕਲਬੀਆਂ ਵਿਚਕਾਰ ਮਤਭੇਦਾਂ ਨੂੰ ਅਸੀਂ ਦੋ ਦੋਰਾਂ ਵਿਚ ਵੰਡ ਸਕਦੇ ਹਾਂ ।

(1) 1967-77 ਤੱਕ ਦਾ ਦਹਾਕਾ (2) 1977 ਤੋਂ ਹੁਣ ਤੱਕ ।

1967 ਦੀ ਬਸੰਤ ਰੁੱਤ ਵਿੱਚ ਨਕਸਲਬਾੜੀ ਦੇ ਇਲਾਕੇ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਜਮਾਤੀ ਸੰਘਰਸ਼ ਦੇ ਹਥਿਆਰਬੰਦ ਬਗਾਵਤ ਦਾ ਰੂਪ ਧਾਰਨ ਕਰ ਜਾਣ ਨਾਲ ਦੇਸ਼ ਦੇ ਸਾਰੇ ਭਾਗਾਂ ਵਿਚੋਂ ਕਮਿ. ਇਨਕਲਾਬੀ ਸੋਧਵਾਦੀਆਂ ਨਾਲੋਂ ਨਿਖੇੜਾ ਕਰ ਕੇ ਅੱਗੇ ਆਏ ਅਤੇ ਆਪਣੀਆਂ ਕਾਰਵਾਈਆਂ ਦਾ ਤਾਲਮੇਲ ਬਿਠਾਉਣ ਤੇ ਮੁਲਕ ਪੱਧਰੀ ਪ੍ਰਾਰਟੀ ਵਿੱਚ ਜਥੇਬੰਦ ਹੋਣ ਲਈ ਇਕ ਤਾਲਮੇਲ ਢਾਂਚਾ ਕਾਇਮ ਕਰ ਲਿਆ ਗਿਆ । ਇਸ ਸਮੇਂ ਸਾਰੇ ਕਮਿ ਇਨ. ਵਿਚਕਾਰ ਇਹਨਾਂ ਬੁਨਿਆਦੀ ਨੁਕਤਿਆਂ ਤੇ ਸਹਿਮਤੀ ਸੀ ਕਿ 1. ਮਾਓ ਵਿਚਾਰਧਾਰਾ ਅੱਜ ਦੇ ਯੁੱਗ ਵਿੱਚ ਮਾਰਕਸਵਾਦ ਲੈਨਿਨਵਾਦ ਦਾ ਵਿਕਸਿਤ ਰੂਪ ਹੈ 2. ਸਟਾਲਿਨ ਦੀ ਮੌਤ ਤੋਂ ਬਾਅਦ ਰੂਸ ਇਕ ਸਮਾਜਵਾਦੀ ਮੁਲਕ ਤੋਂ ਸਾਮਰਾਜੀ ਤਾਕਤ ਵਿੱਚ ਤਬਦੀਲ ਹੋ ਗਿਆ ਹੈ 3. ਭਾਰਤ ਇਕ ਅਰਧ ਜਗੀਰੂ-ਅਰਧ ਬਸਤੀਵਾਦੀ ਦੇਸ਼ ਹੈ 4. ਇਸ ਲਈ ਭਾਰਤੀ ਇਨਕਲਾਬ ਦਾ ਰਾਹ ਚੀਨ ਦੀ ਤਰ੍ਹਾਂ ਲੰਮਕਵੇਂ ਲੋਕ ਯੁੱਧ ਦਾ ਰਾਹ ਹੋਵੇਗਾ ਜਿਸਦਾ ਪੂਰਾ ਜ਼ਰਈ ਇਨਕਲਾਬ ਹੋਵੇਗਾ 5. ਕੋਮਾਂਤਰੀ ਹਾਲਤਾਂ ਦੇ ਮੁਲਅੰਕਣ ਬਾਰੇ ਕੋਈ ਬੁਨਿਆਦੀ ਰੱਟਾ ਨਹੀਂ ਸੀ । ਇਸ ਦੌਰ ਵਿੱਚ ਮਤਭੇਦ ਉਪਰੋਕਤ ਬੁਨਿਆਦੀ ਲਾਈਨ ਨੂੰ ਮੌਕੇ ਦੀਆਂ ਠੋਸ ਹਾਲਤਾਂ ਮੁਤਾਬਿਕ ਲਾਗੂ ਕਰਨ ਵਿਚ ਉਭਰੇ ਯਾਨੀ ਕਿ ਮਤਭੇਦ ਦਾਅਪੇਚਕ ਕਿਸਮ ਦੇ ਸਨ । ਸ਼ੁਰੂ ਵਿਚ ਹੀ ਦੋ ਮੁੱਖ ਉਲਟ ਰੁਝਾਨ ਵੇਖਣ ਵਿਚ ਆਏ । ਇੱਕ ਚਾਰੂ ਮਜ਼ੂਮਦਾਰ ਦੀ ਅਗਵਾਈ ਵਿਚ ਵੱਡੀ ਬਹੁ ਗਿਣਤੀ ਵਲੋਂ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ ਲਿਆਂਦੀ ਗਈ ਜਿਸ ਅਨੁਸਾਰ ਰਾਜਸੱਤਾ ਤੇ ਕਬਜ਼ੇ ਨੂੰ ਨਿਸ਼ਾਨਾ ਬਣਾਕੇ ਸਾਰੇ ਦੇਸ਼ ਵਿੱਚ ਤੁਰੰਤ ਹਥਿਆਰਬੰਦ ਗੁਰੀਲਾ ਯੁੱਧ ਛੇੜ ਦੇਣ ਦਾ ਰਾਹ ਦਿਤਾ ਗਿਆ । ਇਹਨਾਂ ਸਾਥੀਆਂ ਨੇ ਆਪਣੇ ਆਪ ਨੂੰ CPIML ਨਾਂ ਦੀ ਪਾਰਟੀ ਵਿਚ ਵਕਤੀ ਤੌਰ ਤੇ ਜਥੇਬੰਦ ਕਰ ਲਿਆ ਪ੍ਰੰਤੂ ਇਹ ਸਾਥੀ ਬਾਹਰਮੁਖੀ ਹਾਲਤਾਂ ਦੇ ਸਨਮੁਖ ਬਹੁਤਾ ਚਿਰ ਆਪਣੇ ਆਪ ਨੂੰ ਇੱਕ ਪਾਰਟੀ ਵਿਚ ਜਥੇਬੰਦ ਨਾਂ ਰੱਖ ਸਕੇ ਅਤੇ ਛੇਤੀ ਹੀ ਇਸ ਦੀ ਨੁਮਾਇੰਦਗੀ ਕਰਦੇ ਵੱਖ 2 ਇਲਾਕਿਆਂ ਵਿਚ ਕਈ ਗਰੁੱਪ ਹੋਂਦ ਵਿੱਚ ਆ ਗਏ ਜਿਨ੍ਹਾਂ ਵਿਚੋਂ ਪੰਜਾਬ ਵਿਚ ਦੋ ਗਰੁੱਪ ਸੀ. ਓ. ਸੀ ਤੇ ਸੈਂਟਰਲ ਟੀਮ ਸੀ. ਪੀ. ਆਈ. ਐਮ. ਐਲ. ਦੇ ਨਾਂ ਨਾਲ ਕੰਮ ਕਰ ਰਹੇ ਸਨ ।

ਇਸਦੇ ਉਲਟ ਦੂਸਰੇ ਰੁਝਾਨ ਦੇ ਸਾਥੀ ਹਥਿਆਰਬੰਦ ਗੁਰੀਲਾ ਯੁੱਧ ਛੇੜਨ ਦੀ ਪੂਰਵ ਸ਼ਰਤ ਵਜੋਂ ਇੱਕ ਜਨਤਕ ਲਹਿਰ ਦੀ ਉਸਾਰੀ ਜ਼ਰੂਰੀ ਸਮਝਦੇ ਸਨ । ਇਸ ਅਨੁਸਾਰ ਆਮ ਲੋਕਾਂ ਨੂੰ ਆਰਥਕ ਤੇ ਸਮਾਜਿਕ ਮਸਲਿਆਂ ਤੇ ਲਾਮਬੰਦ ਕਰਦੇ ਹੋਏ ਘੋਲ ਦੇ ਦੂਸਰੇ ਰੂਪਾਂ ਨੂੰ ਵਰਤਦੇ ਤੇ ਵਿਕਸਿਤ ਕਰਦੇ ਹੋਏ ਹਥਿਆਰਬੰਦ ਘੋਲ ਦੀ ਪੱਧਰ ਤੇ ਪਹੁੰਚਿਆ ਜਾਵੇਗਾ । ਇਸ ਦੂਸਰੇ ਰੁਝਾਨ ਦੀ ਨੁਮਾਇੰਦਗੀ ਮੁੱਖ ਤੌਰ ਤੇ ਆਂਧਰਾ ਪ੍ਰਦੇਸ਼ ਵਿਚ ਟੀ ਨਾਗੀ ਰੈਡੀ ਦੀ ਅਗਵਾਈ ਵਿਚ ਤੇ ਪੰਜਾਬ ਵਿਚ ਪ੍ਰੋ ਹਰਭਜਨ ਸੋਹੀ ਦੀ ਅਗਵਾਈ ਵਿਚ ਕੁਝ ਕਮਿ. ਇਨ. ਕਰਦੇ ਸਨ ਬਾਅਦ ਵਿਚ ਇਸ ਲਾਈਨ ਦੇ ਹੋਰਵੇਂ ਗਰੁੱਪਾਂ ਤੇ ਕੁਝ ਹੋਰ ਸਾਥੀਆਂ ਨੇ ਆਪਣੇ ਆਪ ਨੂੰ ਭਾਰਤੀ ਕਮਿਉਨਿਸਟ ਇਨਕਲਾਬੀਆਂ ਦਾ ਏਕਤਾ ਕੇਂਦਰ (UCCRIML) ਵਿੱਚ ਜਥੇਬੰਦ ਕਰ ਲਿਆ ।

ਇਸੇ ਦੌਰ ਵਿਚ ਹੀ ਬਾਅਦ ਵਿਚ ਚਾਰੂ ਮਜ਼ੂਮਦਾਰ ਦੀ ਲਾਈਨ ਦੇ ਸਪਸ਼ਟ ਤੌਰ ਤੇ ਅਸਫਲ ਹੋ ਜਾਣ ਤੇ ਇਕ ਤੀਜਾ ਰੁਝਾਨ ਪੈਦਾ ਹੋਇਆ ਜਿਸਨੂੰ ਦੂਸਰੇ ਕਮਿ. ਇਨਕਲਾਬੀਆਂ ਵਲੋਂ ਸੱਜੀ ਮੌਕਾਪ੍ਰਸਤੀ ਦਾ ਨਾਂ ਦਿੱਤਾ ਗਿਆ । ਇਹ ਵਿਅਕਤੀ ਖੱਬੀ ਮਾਅਰਕੇਬਾਜ਼ੀ ਦਾ ਵਿਰੋਧ ਕਰਨ ਅਤੇ ਹੁਣ ਦੀਆਂ ਹਾਲਤਾਂ ਵਿਚ ਘੋਲ ਦੇ ਦੂਸਰੇ ਰੂਪਾਂ ਨੂੰ ਵਰਤਣ ਦਾ ਦਾਅਵਾ ਕਰਦੇ 2 ਪਾਰਲੀਮੈਂਟਰੀ ਚੋਣਾਂ ਵਿਚ ਭਾਗ ਲੈਣ ਤੇ ਬੁਰਜੂਆ ਪਾਰਟੀਆਂ ਨਾਲ ਸਾਂਝਾ ਪਾਉਣ ਵਲ ਚਲੇ ਗਏ. ਇਸ ਰੁਝਾਨ ਦੀ ਅਗਵਾਈ ਸ. ਨ. ਸਿੰਘ ਤੇ ਚੰਦਰ ਪੂਲਾ ਰੈਡੀ ਕਰਦੇ ਸਨ ।

ਇਸ ਸਾਰੇ ਦੌਰ ਵਿਚ ਚਾਹੇ ਸਿਧਾਂਤਕ ਮਤਭੇਦ ਕੋਈ ਬਹੁਤੇ ਨਹੀਂ ਸਨ ਸਗੋਂ ਅਰਧ ਜਗੀਰੂ-ਅਰਧ ਬਸਤੀਵਾਦੀ ਦੇਸ਼ ਵਿਚ ਲਮਕਵੇਂ ਲੋਕ ਯੁੱਧ ਦੀ ਲਾਈਨ ਨੂੰ ਭਾਰਤ ਦੀਆਂ ਇਸ ਸਮੇਂ ਦੀਆਂ ਠੋਸ ਹਾਲਤਾਂ ਵਿਚ ਅਮਲੀ ਤੌਰ ਤੇ ਕਿਵੇਂ ਲਾਗੂ ਕੀਤਾ ਜਾਵੇ ਇਸ ਬਾਰੇ ਹੀ ਸਨ ਪ੍ਰੰਤੂ ਫਿਰ ਵੀ ਇਸ ਸਾਰੇ ਸਮੇਂ ਵਿਚ ਭਾਰਤੀ ਇਨਕਲਾਬ ਦੀਆਂ ਅਮਲੀ ਸਮਸਿਆਵਾਂ ਤੇ ਸਾਥੀਆਨਾ ਢੰਗ ਨਾਲ ਬਹਿਸ ਵਿਚਾਰ ਕਰਨ ਦੀ ਥਾਂ ਘਟੀਆ ਦੂਸ਼ਣਬਾਜ਼ੀ ਕੀਤੀ ਗਈ । ਇਕ ਦੂਜੇ ਤੇ 'ਗਦਾਰ' 'ਭਗੌੜੇ' 'ਸੋਧਵਾਦੀ' ਆਦਿ ਵਿਸ਼ੇਸ਼ਣ ਲਾਏ ਜਾਂਦੇ ਰਹੇ । ਇਕ ਦੂਜੇ ਨਾਲ ਵੱਖਰੀ ਰਾਇ ਰੱਖਣ ਵਾਲੇ ਸਾਥੀਆਂ ਦੀ ਬਜਾਇ ਦੁਸ਼ਮਣਾਂ ਵਾਲਾ ਵਰਤਾਉ ਕੀਤਾ ਜਾਂਦਾ ਰਿਹਾ । ਭਾਵੇਂ ਬਾਅਦ ਵਿਚ ਕੁਝ ਜਨਤਕ ਜਥੇਬੰਦੀਆਂ ਆਦਿ ਵਿਚ ਵੱਖ 2 ਗਰੁਪਾਂ ਦੇ ਵਰਕਰਾਂ ਵਲੋਂ ਇਕੱਠਾ ਕੰਮ ਕੀਤਾ ਜਾਂਦਾ ਰਿਹਾ ਪਰ ਫਿਰ ਵੀ ਸੱਚੇ ਕਮਿ. ਇਨਕਲਾਬੀਆਂ ਨੂੰ ਇਕ ਪਾਰਟੀ ਵਿਚ ਜਥੇਬੰਦ ਨਹੀਂ ਕੀਤਾ ਜਾ ਸਕਿਆ । ਸੋ ਇਹਨਾਂ ਹਾਲਤਾਂ ਵਿਚ ਇਸ ਦੌਰ ਦੇ ਅੰਤ ਵਿਚ ਪੰਜਾਬ ਵਿਚ ਹੇਠ ਲਿਖੇ ਚਾਰ ਗਰੁਪ ਕੰਮ ਕਰ ਰਹੇ ਸਨ ।

1 ਭਾਰਤੀ ਕਮਿ. ਇਨਕਲਾਬੀ ਏਕਤਾ ਕੇਂਦਰ ।
2. ਕੇਂਦਰੀ ਟੀਮ ਸੀ.ਪੀ.ਆਈ. ਐਮ. ਐਲ. ।
3. ਸੀ.ਓ ਸੀ. ਸੀ.ਪੀ,ਆਈ. ਐਮ.ਐਲ. ।
4 ਐਸ.ਐਨ–ਪੂਲਾ ਰੈਡੀ ਗਰੁੱਪ ।

ਪਹਿਲਾਂ ਬਿਆਨੇ ਤਿੰਨਾਂ ਰੁਝਾਨਾਂ ਵਿਚੋਂ ਪੰਜਾਬ ਵਿਚ 1977 ਦੇ ਅੰਤ ਤੱਕ ਇਨਕਲਾਬੀ ਜਨਤਕ ਲੀਹ ਦੀ ਵਕਾਲਤ ਕਰਨ ਵਾਲਾ ਉਕਰੀ ਜਾਂ ਨਾਗੀ ਰੈਡੀ

ਗਰੁੱਪ ਨਾਲ ਜਾਣਿਆ ਜਾਂਦਾ ਭਾਰਤੀ ਕਮਿ ਇਨ. ਦਾ ਏਕਤਾ ਕੇਂਦਰ ਵਿਦਿਆਰਥੀਆਂ, ਨੌਜਵਾਨਾ ਮੁਲਾਜ਼ਮਾਂ ਅਤੇ ਜਨਤਾ ਦੇ ਕੁਝ ਹੋਰ ਹਿੱਸਿਆਂ ਵਿਚ ਆਪਣਾ ਤਕੜਾ ਜਨਤਕ ਅਧਾਰ ਕਾਇਮ ਕਰਨ ਵਿਚ ਸਫ਼ਲ ਹੋ ਗਿਆ ਸੀ। ਜਦ ਕਿ ਪਹਿਲਾਂ ਖੱਬੀ ਮਾਅਰਕੇਬਾਜ਼ ਲਾਈਨ ਦੀ ਅਗਵਾਈ ਕਬੂਲ ਕਰਦੇ ਹੋਏ ਦੂਸਰੇ ਗਰੁਪ ਵੀ ਇਸ ਸਮੇਂ ਜਨਤਕ ਜਥੇਬੰਦੀਆਂ ਵਿਚ ਆਪਣਾ ਆਧਾਰ ਕਾਇਮ ਕਰਦੇ ਹੋਏ ਘੋਲ ਦੇ ਗੈਰ ਹਥਿਆਰਬੰਦ ਰੂਪਾਂ ਨੂੰ ਵਰਤਣ ਤੇ ਵਿਕਸਿਤ ਕਰਨ ਵੱਲ ਆ ਗਏ ਸਨ. ਪ੍ਰੰਤੂ ਹਥਿਆਰਬੰਦ ਘੋਲ ਤਾਂ ਇਕਦਮ ਪਾਰਲੀਮੈਂਟਰੀ ਰਾਹ ਤੇ ਆ ਜਾਣ ਵਾਲੇ ਐਸ. ਐਨ—ਪੁਲਾ ਰੈਡੀ ਧੜੇ ਨੂੰ ਦੂਸਰੀਆਂ ਧਿਰਾਂ ਵਲੋਂ ਕਮਿ. ਇਨਕਲਾਬੀ ਕੈਂਪ ਤੋਂ ਬਾਹਰ ਸਮਝਿਆ ਜਾਣ ਲੱਗਾ ਤੇ ਉਸਦਾ ਆਪਣਾ ਕਾਡਰ ਵੀ ਇਸ ਸਬੰਧੀ ਭੰਬਲਭੂਸੇ 'ਚ ਪੈਣ ਲੱਗਾ। ਇਸਦੇ ਕੁਝ ਵਰਕਰ ਦੂਸਰੇ ਗਰੁੱਪਾਂ ਵਿਚ ਸ਼ਾਮਲ ਹੋਣ ਤੇ ਕੁਝ ਨਿਰਾਸ਼ ਹੋ ਕੇ ਘਰ ਬੈਠਣ ਲੱਗੇ।

ਸੋ ਇਸ ਤਰ੍ਹਾਂ ਇਸ ਦੌਰ ਦੇ ਅੰਤ ਤੱਕ ਸਿਧਾਂਤਕ ਤੇ ਦਾਅਪੇਚਕ ਮਤਭੇਦ ਘੱਟ ਰਹੇ ਸਨ ਤੇ ਇਕ ਦਰੁਸਤ ਲਾਈਨ ਦੇ ਦਵਾਲੇ ਸਾਰੇ ਕਮਿਊਨਿਸਟ ਇਨਕਲਾਬੀਆਂ ਦੇ ਜੁੜਨ ਦੀ ਸੰਭਾਵਨਾ ਵਧ ਰਹੀ ਸੀ। ਪਰ ਸਤੰਬਰ 1976 ਵਿਚ ਕਾਮਰੇਡ ਮਾਓ ਦੇ ਦੇਹਾਂਤ ਤੋਂ ਬਾਅਦ ਚੀਨੀ ਕਮਿਊਨਿਸਟ ਪਾਰਟੀ ਵਲੋਂ ਕੀਤੀਆਂ ਗਈਆਂ ਨਵੀਆਂ ਤਬਦੀਲੀਆਂ ਨੇ ਸੰਸਾਰ ਕਮਿ. ਲਹਿਰ ਅੰਦਰ ਗੰਭੀਰ ਵਿਚਾਰਧਾਰਕ ਰੱਟੇ ਖੜੇ ਕਰ ਦਿੱਤੇ।

1977 ਵਿਚ ਚੀਨੀ ਕਮਿਊਨਿਸਟ ਪਾਰਟੀ ਤੇ ਹੁਆ-ਕੁਆ ਫੈਂਗ ਤੇ ਤੈਂਗ ਸਿਆਓ ਪਿੰਗ ਦੇ ਲੀਡਰਸ਼ਿਪ ਤੇ ਕਾਬਜ਼ ਹੋ ਜਾਣ ਤੋਂ ਬਾਅਦ ਕੁਝ ਨਵੀਆਂ ਗੱਲਾਂ ਉੱਭਰ ਕੇ ਸਾਹਮਣੇ ਆਈਆਂ। ਜਿਵੇਂ (1) ਮਾਓ ਦੀ ਅਗਵਾਈ ਵਿਚ ਕੀਤੇ ਗਏ ਪ੍ਰੋਲੇਤਾਰੀ ਸਭਿਆਚਾਰਕ ਇਨਕਲਾਬ (1966-67) ਦੀ ਆਲੋਚਨਾ ਕਰਨੀ। (2) ਚੀਨੀ ਕਮਿਊਨਿਸਟ ਪਾਰਟੀ ਦੇ ਹੀ ਚਾਰ ਚੋਟੀ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਤੇ ਮੁਕਦਮੇਂ ਚਲਾਉਣਾ। (3) ਪੱਛਮੀ ਸਾਮਰਾਜੀ ਦੇਸ਼ਾਂ ਤੇ ਕੰਪਨੀਆਂ ਨੂੰ ਚੀਨ ਵਿਚ ਸਰਮਾਇਆ ਲਾਉਣ ਲਈ ਖੁੱਲ੍ਹ ਦੇਣੀ। (4) ਦੇਸ਼ ਵਿਚ ਆਧੁਨਿਕੀਕਰਣ ਤੇ ਪੈਦਾਵਾਰ ਵਧਾਉਣ ਦੇ ਨਾਂ ਥੱਲੇ ਸਿਆਸਤ ਨੂੰ ਪਿੱਛੇ ਸਿੱਟਣਾ। (5) ਕੌਮਾਂਤਰੀ ਖੇਤਰ ਵਿੱਚ ਤਿੰਨ ਸੰਸਾਰਾਂ ਦੇ ਸਿਧਾਂਤ ਨੂੰ ਜ਼ੋਰ ਨਾਲ ਅੱਗੇ ਲਿਆਉਣਾ।

[ਤਿੰਨ ਸੰਸਾਰਾਂ ਦੇ ਸਿਧਾਂਤ ਮੁਤਾਬਿਕ ਦੁਨੀਆਂ ਦੇ ਸਾਰੇ ਦੇਸ਼ਾਂ ਨੂੰ ਤਿੰਨ ਧੜਿਆਂ ਵਿੱਚ ਵੰਡਿਆ ਗਿਆ ਹੈ (1) ਪਹਿਲੇ ਧੜੇ ਵਿੱਚ ਦੋਹਵੇਂ ਅੱਤ-ਮਹਾਂ ਸ਼ਕਤੀਆਂ ਰੂਸ ਤੇ ਅਮਰੀਕਾ ਹਨ ਜਿਸਨੂੰ ਪਹਿਲੇ ਸੰਸਾਰ ਦਾ ਨਾਂ ਦਿੱਤਾ ਗਿਆ ਹੈ (2) ਦੂਜੇ ਸੰਸਾਰ ਵਿੱਚ ਜਪਾਨ ਅਤੇ ਯੂਰਪ ਦੇ ਵਿਕਸਿਤ ਸਰਮਾਏਦਾਰ ਦੇਸ਼ ਆਉਂਦੇ ਹਨ (3) ਤੀਜੇ ਸੰਸਾਰ ਵਿੱਚ ਚੀਨ ਸਮੇਤ ਏਸ਼ੀਆ, ਅਫਰੀਕਾ ਦੱਖਣੀ ਅਮਰੀਕਾ ਦੇ ਪਛੜੇ ਮੁਲਕ ਆਉਂਦੇ ਹਨ. ਇਸ ਸਿਧਾਂਤ ਮੁਤਾਬਿਕ ਤੀਜੀ ਦੁਨੀਆਂ ਤੇ ਦੂਜੀ ਦੁਨੀਆਂ ਦੇ ਮੁਲਕਾਂ ਨੂੰ ਅੱਤ ਮਹਾਂ ਸ਼ਕਤੀਆਂ ਦੇ ਵਿਰੋਧ ਵਿੱਚ ਆਉਣਾ ਚਾਹੀਦਾ ਹੈ ਅਤੇ ਇਸਤੋਂ ਵੀ ਅੱਗੇ ਇਹ ਸਿਧਾਂਤ ਦੋਹਾਂ ਮਹਾਂ-ਸ਼ਕਤੀਆਂ ਵਿਚੋਂ ਰੂਸ ਨੂੰ ਮੁੱਖ ਦੁਸ਼ਮਣ ਗਰਦਾਨ ਕੇ ਅਮਰੀਕਾ ਨਾਲ ਦੂਜੀ ਤੇ ਤੀਜੀ ਦੁਨੀਆਂ ਦੇ ਦੇਸ਼ਾਂ ਦਾ ਸਾਂਝਾ ਮੋਰਚਾ ਬਨਾਉਣ ਦੀ ਯੁੱਧਨੀਤੀ ਪੇਸ਼ ਕਰਦਾ ਹੈ]

ਇਸ ਸਮੇਂ ਦੌਰਾਨ ਦੀ ਅਲਬਾਨੀਆਂ ਵਲੋਂ ਕਾ. ਮਾਓ-ਜ਼ੇ-ਤੁੰਗ ਤੇ ਚੀਨੀ ਕਮਿਊਨਿਸਟ ਪਾਰਟੀ ਤੇ ਹਮਲਾ ਵਿੱਢ ਦਿੱਤਾ ਗਿਆ।

ਚੀਨ ਦੀ ਕਮਿ. ਪਾਰਟੀ ਤੇ ਅਲਬਾਨੀਆਂ ਦੇ ਲੇਬਰ ਪਾਰਟੀ ਵਲੋਂ ਲਏ ਗਏ ਨਵੇਂ ਸਟੈਂਡਾਂ ਦੇ ਸਿੱਟੇ ਵਜੋਂ ਪੈਦਾ ਹੋਏ ਸਿਧਾਂਤਕ ਅਗਵਾਈ ਦੇ ਖਿਲਾਅ ਨੂੰ ਭਰਨ ਅਤੇ ਅੱਜ ਦੀਆਂ ਹਾਲਤਾਂ ਮੁਤਾਬਿਕ ਸੰਸਾਰ ਇਨਕਲਾਬ ਦੀ ਆਮ ਸੇਧ ਵਿਕਸਿਤ ਕਰਨ ਦੀਆਂ ਦੁਨੀਆਂ ਭਰ ਦੇ ਕਮਿ. ਇਨਕਲਾਬੀਆਂ ਵਿੱਚ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ.

ਇਸੇ ਸਬੰਧ ਵਿੱਚ ਅਮਰੀਕਾ ਦੀ ਰੈਵੋਲੂਸ਼ਨਰੀ ਕਮਿਊਨਿਸਟ ਪਾਰਟੀ ਵਲੋਂ ਕੁਝ ਹੋਰਨਾਂ ਦੇਸ਼ਾਂ ਦੇ ਕਮਿ. ਇਨ. ਨਾਲ ਤਾਲਮੇਲ ਕਰਨ ਅਤੇ ਇੱਕ ਨਵੀਂ ਕੌਮਾਤਰੀ ਵਿੱਚ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਗਈਆਂ. ਇਹਨਾਂ ਵਲੋਂ ਮਾਓ ਵਿਚਾਰਧਾਰਾ ਨੂੰ ਮੰਨਦੇ ਹੋਏ, ਮਾਓ ਦੇ ਸਮੇਂ ਵਿੱਚ ਸੀ. ਪੀ. ਸੀ ਵਲੋਂ ਰਹੇ ਕੁਝ ਨੁਕਸਾਂ ਫਰਕਾਂ ਨੂੰ ਪੜਚੋਲ ਹੇਠ ਲਿਆਂਦਾ ਗਿਆ ਅਤੇ ਅੱਜ ਦੀਆਂ ਕੌਮਾਂਤਰੀ ਹਾਲਤਾਂ ਬਾਰੇ ਇਹ ਨਿਰਣਾ ਲਿਆਂਦਾ ਗਿਆ ਕਿ ਅੱਜ ਦੇ ਸਮੇਂ ਵਿੱਚ ਪ੍ਰੋਲੇਤਾਰੀ ਇਨਕਲਾਬੀ ਲਹਿਰ ਵਕਤੀ ਕਮਜ਼ੋਰੀ ਦੀ ਹਾਲਤ ਵਿੱਚ ਹੋਣ ਤੇ ਸੰਸਾਰ ਸਾਮਰਾਜੀ ਪ੍ਰਬੰਧ ਦੇ ਆਰਥਿਕ ਸੰਕਟ ਦੇ ਅਮੋੜ ਰੂਪ ਵਿੱਚ ਤੀਖਣ ਹੋ ਜਾਣ ਕਾਰਣ ਸੰਸਾਰ ਜੰਗ ਲੱਗਣ ਦੀਆਂ ਹਾਲਤਾਂ ਬਣ ਗਈਆਂ ਹਨ ਤੇ ਇਸ ਤਰਾਂ ਅੱਜ ਅੰਤਰ-ਸਾਮਰਾਜੀ ਵਿਰੋਧਤਾਈ ਦੂਸਰੀਆਂ ਸਾਰੀਆਂ ਵਿਰੋਧਤਾਈਆਂ ਦੇ ਉਤੋਂ ਦੀ ਪੈ ਗਈ ਹੈ। ਅਤੇ ਇਸਦੇ ਨਾਲ ਹੀ ਇਹ ਕਿ ਸਾਮਰਾਜ ਵਲੋਂ ਸਰਮਾਏ ਦੀ ਬਰਾਮਦ ਕਾਰਣ ਤੀਜੀ ਦੁਨੀਆਂ ਦੇ ਮੁਲਕਾਂ ਵਿੱਚ ਵੀ ਸਰਮਾਏ-ਦਾਰੀ ਰਿਸ਼ਤੇ ਇੱਕ ਖਾਸ ਹੱਦ ਤੱਕ ਵਿਕਸਿਤ ਹੋ ਗਏ ਹਨ।

ਉਪਰੋਕਤ ਬਿਆਨੇ ਸਾਰੇ ਵਿਚਾਰਧਾਰਕ ਰੱਟਿਆਂ, ਧਾਰਨਾਵਾਂ ਤੇ ਬਹਿਸ ਦੇ ਸਿੱਟੇ ਵਜੋਂ ਦੁਨੀਆਂ ਭਰ ਵਿੱਚ ਨਵੇਂ ਸਿਰਿਉਂ ਕਮਿ. ਇਨ. ਤਾਕਤਾਂ ਦੀ ਸਫਬੰਦੀ ਹੋਣੀ ਸ਼ੁਰੂ ਹੋਈ. ਅਤੇ ਇਸਦੀ ਰੋਸ਼ਨੀ ਵਿੱਚ ਹਿੰਦੁਸਤਾਨ ਦੇ ਕਮਿਊਨਿਸਟ ਇਨਕਲਾਬੀਆਂ ਵਿਚਕਾਰ ਵੀ ਬੁਨਿਆਦੀ ਸਿਧਾਂਤਕ ਮਸਲਿਆਂ ਤੇ ਬਹਿਸ ਛੇੜ ਤੇ ਇਸਦੇ ਆਧਾਰ ਤੇ ਮੁੜ-ਸਫਬੰਦੀ ਦਾ ਅਮਲ ਚੱਲ ਪਿਆ।

ਉਪਰੋਕਤ ਅਮਲ ਨੂੰ ਪੰਜਾਬ ਦੇ ਕਮਿ. ਇਨ. ਦੇ ਪ੍ਰਸੰਗ ਵਿੱਚ ਦੇਖਦੇ ਹੋਏ ਹੇਠ ਲਿਖੇ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ।

ਤਿੰਨ ਸੰਸਾਰਾਂ ਦੇ ਸਿਧਾਂਤ ਤੇ ਚੀਨ ਦੀ ਮੌਜੂਦਾ ਲੀਡਰਸ਼ਿਪ ਦੇ ਰੋਲ ਸਬੰਧੀ ਬਹਿਸ ਮੁਕੰਮਲ ਹੋ ਚੁੱਕੀ ਹੈ ਤੇ ਸਿਰਫ ਇਕ ਗਰੁੱਪ (ਪੁਲਾ-ਰੇਡੀ) ਨੂੰ ਛੱਡਕੇ ਪੰਜਾਬ ਵਿਚਲੇ ਬਾਕੀ ਸਾਰੇ ਗਰੁੱਪ ਤੇ ਕਮਿ. ਇਨ. ਇਸਦੇ ਖਿਲਾਫ ਪੁਜ਼ੀਸ਼ਨ ਲੈ ਚੁੱਕੇ ਹਨ।

ਅਲਬਾਨੀਆਂ ਪੱਖੀਆਂ ਦਾ ਇਥੇ ਕੋਈ ਅਧਾਰ ਨਹੀਂ ਅਤੇ ਨਾਂ ਹੀ ਕੋਈ ਜਥੇਬੰਦੀ ਹੈ ਹਾਂ ਸਿਰਫ ਕਦੇ ਕਦਾਈਂ ਹਿੰਦੁਸਤਾਨ ਦੇ ਬਾਹਰੋਂ (ਕਨੇਡਾ ਵਿਚੋਂ) ਉਹਨਾਂ ਦੇ ਸਮਰਥਕ ਪੋਸਟਰ ਜਾਂ ਪਰਚੇ ਆਦਿ ਵੰਡ ਜਾਂਦੇ ਹਨ ਜਿਸਦਾ ਇਥੋਂ ਦੀ ਇਨਕਲਾਬੀ ਲਹਿਰ ਵਿੱਚ ਕੋਈ ਅਮਲੀ ਮਹੱਤਵ ਨਹੀਂ ਹੈ।

ਅਸਲ ਵਿਚ ਹੁਣ ਦੀਆਂ ਹਾਲਤਾਂ ਵਿਚ ਬਹਿਸ ਵਾਲੇ ਜਾਂ ਮਤਭੇਦਾਂ ਦੇ ਨੁਕਤੇ ਭਾਰਤ ਦਾ ਸਮਾਜਿਕ-ਆਰਥਿਕ ਖਾਸਾ ਤੇ ਇਸ ਵਿਚ ਸਾਮਰਾਜ ਦਾ ਰੋਲ ਬਣਦੇ ਹਨ।

ਸਾਮਰਾਜ ਦੇ ਪੱਛੜੇ ਮੁਲਕਾਂ ਵਿਚ ਰੋਲ ਬਾਰੇ ਚੱਲੀ ਆਉਂਦੀ ਮਾਨਤਾ ਪ੍ਰਾਪਤ ਧਾਰਨਾਂ ਕਿ ਸਾਮਰਾਜ ਇਹਨਾਂ ਦੇਸ਼ਾਂ ਵਿਚ ਜ਼ਗੀਰਦਾਰੀ ਨੂੰ ਆਪਣੇ ਮੁੱਖ ਸਮਾਜਿਕ ਅਧਾਰ ਵਜੋਂ ਵਰਤਦਾ ਹੈ ਤੇ ਇਸ ਲਈ ਇਹਨਾਂ ਦੇਸ਼ਾਂ ਵਿਚ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਨੂੰ ਇਸ ਹੱਦ ਤੱਕ ਰੋਕ ਕੇ ਰਖਦਾ ਹੈ ਕਿ ਇਥੇ ਅਰਧ-ਜਗੀਰੂ ਢਾਂਚਾ ਉਸੇ ਤਰ੍ਹਾਂ ਕਾਇਮ ਰਹਿੰਦਾ ਹੈ ਤੇ ਲੋਕਾਂ ਵਿਚਕਾਰ ਜਗੀਰੂ ਰਿਸ਼ਤੇ ਪ੍ਰਮੁੱਖ ਰਹਿੰਦੇ ਹਨ, ਹੁਣ ਸਰਵਪ੍ਰਵਾਨਿਤ ਨਹੀਂ ਰਹੀ।

ਇਨਕਲਾਬੀ ਕਮਿਊਨਿਸਟ ਪਾਰਟੀ, ਭਾਰਤ ਤੇ ਕੁਝ ਹੋਰਾਂ ਦਾ ਇਹ ਮੱਤ ਹੈ ਦੂਜੀ ਸੰਸਾਰ ਜੰਗ ਤੋਂ ਬਾਅਦ ਸਾਮਰਾਜ ਨੇ ਆਪਣੀਆਂ ਨੀਤੀਆਂ ਤੇ ਢੰਗ ਤਰੀਕੇ ਬਦਲੇ ਹਨ। ਇਸ ਵਲੋਂ ਸਰਮਾਏ ਦੀ ਬਰਾਮਦ ਕਾਰਣ ਪਛੜੇ ਮੁਲਕਾਂ ਵਿਚ ਇਕ ਖਾਸ ਹੱਦ ਤੱਕ ਸਰਮਾਏਦਾਰੀ ਰਿਸ਼ਤੇ ਪੈਦਾ ਹੋਏ ਹਨ ਜਿਸ ਕਾਰਣ ਹਿੰਦੁਸਤਾਨ ਵਿਚ ਇਨਕਲਾਬ ਦੀ ਯੁੱਧਨੀਤੀ ਤੇ ਦਾਅ-ਪੇਚਾਂ ਵਿਚ ਤਬਦੀਲੀ ਦੀ ਲੋੜ ਹੈ। ਇਸ ਨਿਰਣੇ ਅਨੁਸਾਰ ਸੱਤਾ ਹਥਿਆਉਣ ਲਈ ਕਮਿ ਇਨਕਲਾਬੀਆਂ ਨੂੰ ਤਿਆਰੀ ਸਾਰੇ ਦੇਸ਼ ਵਿਚ ਇਕ ਆਮ ਹਥਿਆਰਬੰਦ ਬਗਾਵਤ ਦੀ ਯੁੱਧਨੀਤੀ ਦੇ ਤਹਿਤ ਕਰਨੀ ਚਾਹੀਦੀ ਹੈ ਨਾਂ ਕਿ ਪੇਂਡੂ ਖੇਤਰ ਵਿਚ ਖਿੱਤਾਵਾਰ ਕਬਜ਼ਾ ਕਰਦੇ ਹੋਏ ਚਾਹੇ ਕਿ ਵਿਸ਼ੇਸ਼ ਹਾਲਤਾਂ ਵਿਚ ਇਕ ਅਚਨਚੇਤ ਬਗਾਵਤ ਰਾਹੀਂ ਵੱਡੇ ਹਿੱਸੇ ਤੇ ਅਧਿਕਾਰ ਕਰ ਲੈਣ ਤੋਂ ਬਾਅਦ ਹਥਿਆਰਬੰਦ ਘੋਲ ਦੇ ਲਮਕ ਜਾਣ ਨਾਲ ਲੰਮਕਵੇਂ ਲੋਕ ਯੁੱਧ ਦਾ ਰੂਪ ਧਾਰਨ ਕਰ ਜਾਣ ਦੀ ਸੰਭਾਵਨਾਂ ਵੀ ਚਿਤਵੀ ਜਾਂਦੀ ਹੈ। ਇਸ ਨੀਤੀ ਨੂੰ ਮੰਨਣ ਵਾਲਿਆਂ ਵਲੋਂ ਕਿਸਾਨੀ ਨਾਲੋਂ ਮਜ਼ਦੂਰ ਜਮਾਤ ਵਿਚ ਕੰਮ ਕਰਨ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ ਤੇ ਬਾਕੀ ਜਮਾਤਾਂ ਵਿਚ ਸਮਾਜਵਾਦੀ ਚੇਤਨਾ ਫੈਲਾਉਣ ਨੂੰ ਮੁੱਖ ਰੱਖ ਕੇ ਕੰਮ ਕੀਤਾ ਜਾਂਦਾ ਹੈ ਨਾਂ ਕਿ ਜਮਹੂਰੀ ਚੇਤਨਾ ਨੂੰ। ਇਸ ਨਿਰਣੇ ਤਹਿਤ ਕਿਉਂਕਿ ਸਾਮਰਾਜ ਲੋਕਾਂ ਦਾ ਮੁੱਖ ਦੁਸ਼ਮਣ ਬਣ ਜਾਂਦਾ ਹੈ ਅਤੇ ਸਾਮਰਾਜ ਇਕ ਸੰਸਾਰ ਪੱਧਰੀ ਵਰਤਾਰਾ ਹੈ ਇਸ ਲਈ ਇਸਨੂੰ ਫੈਸਲਾਕੁੰਨ ਰੂਪ ਵਿਚ ਹਾਰ ਕੌਮਾਂਤਰੀ ਪੱਧਰ ਤੇ ਸਾਮਰਾਜ ਖਿਲਾਫ ਚਲ ਰਹੀਆਂ ਲੜਾਈਆਂ ਨੂੰ ਇਕ ਲੜੀ ਵਿਚ ਪਰੋਕੇ ਹੀ ਦਿੱਤੀ ਜਾ ਸਕਦੀ ਹੈ ਇਸ ਕਾਰਨ ਇਸ ਰੁਝਾਨ ਵਲੋਂ ਸੰਸਾਰ ਭਰ ਦੇ ਕਮਿਊਨਿਸਟਾਂ ਇਨਕਲਾਬੀਆਂ ਨੂੰ ਇਕ ਕੌਮਾਂਤਰੀ ਵਿਚ ਜਥੇਬੰਦ ਕਰਨ ਨੂੰ ਵਧ ਮਹਤਵ ਦਿੱਤਾ ਜਾਂਦਾ ਹੈ ਤੇ ਇਸ ਸਬੰਧ ਵਿਚ ਭਰਪੂਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਹਨਾਂ ਵਲੋਂ ਹਿੰਦੁਸਤਾਨ ਦੀ ਇਨਕਲਾਬ ਲਹਿਰ ਨੂੰ ਸੰਸਾਰ ਇਨ-ਕਲਾਬ ਦੇ ਇਕ ਅੰਗ ਵਜੋਂ ਲਿਆ ਜਾਂਦਾ ਹੈ।

ਦੂਜੇ ਪਾਸੇ ਪਹਿਲੀ ਧਾਰਨਾ ਨੂੰ ਮੰਨਣ ਵਾਲੇ ਭਾਰਤੀ ਇਨਕਲਾਬ ਦੇ ਰਾਹ ਨੂੰ ਬੁਨਿਆਦੀ ਤੌਰ ਤੇ ਚੀਨ ਦੇ ਇਨਕਲਾਬ ਦੇ ਰਾਹ ਨਾਲ ਹੀ ਮਿਲਦਾ ਮੰਨਦੇ ਹਨ। ਇਹਨਾਂ ਵਲੋਂ ਮੰਨੀ ਜਾਂਦੀ ਧਾਰਨਾ ਅਨੁਸਾਰ ਸਾਮਰਾਜ ਵਲੋਂ ਹਿੰਦੁਸਤਾਨ ਵਿਚ ਲਾਈ ਗਈ ਪੂੰਜੀ ਨਾਲ ਇਸਦਾ ਸਰਮਾਏਦਾਰਾਂਨਾਂ ਰਾਹ ਤੇ ਕੋਈ ਗਿਣਨ-ਯੋਗ ਵਿਕਾਸ ਨਹੀਂ ਹੋਇਆ ਅਤੇ ਲੋਕਾਂ ਵਿਚਕਾਰ ਜਗੀਰੂ ਰਿਸ਼ਤੇ ਤੇ ਪੈਦਾਵਾਰ ਦੇ ਜਗੀਰੂ ਢੰਗ ਕਾਇਮ ਹਨ। ਇਸ ਨਿਰਣੇ ਤਹਿਤ ਭਾਰਤੀ ਇਨਕਲਾਬ ਦਾ ਰਾਹ ਲਮਕਵੇਂ ਲੋਕ-ਯੁੱਧ ਦਾ ਬਣਦਾ ਹੈ, ਜਿਸ ਅਨੁਸਾਰ ਪਿੰਡਾਂ ਵਿਚ ਜਗੀਰੂ ਜਕੜ ਨੂੰ ਤੋੜਦੇ ਹੋਏ ਆਪਣੀ ਹਥਿਆਰਬੰਦ ਗੁਰੀਲਾ ਤਾਕਤ ਦਾ ਵਿਕਾਸ ਕਰਦੇ ਹੋਏ ਇਲਾਕਾਵਾਰ ਤਾਕਤ ਹਾਸਲ ਕਰਦੇ ਹੋਏ, ਪਿੰਡਾਂ ਨਾਲ ਸ਼ਹਿਰਾਂ ਨੂੰ ਘੇਰਨ ਦੀ ਨੀਤੀ ਨਾਲ ਰਾਜ ਸੱਤਾ ਤੇ ਕਾਬਜ਼ ਹੋਇਆ ਜਾਵੇਗਾ। ਇਸ ਯੁੱਧਨੀਤੀ ਤਹਿਤ ਚਲਦੀ ਇਨਕਲਾਬ (ਜ਼ਮੀਨ ਵੰਡਣ ਦੇ ਪ੍ਰੋਗ੍ਰਾਮ) ਨੂੰ ਧੁਰਾ ਬਣਾਕੇ ਕੰਮ ਜਾਂਦਾ ਹੈ ਇਸ ਲਈ ਬੇਜ਼ਮੀਨੇ ਤੇ ਘੱਟ ਜ਼ਮੀਨ ਵਾਲੇ ਕਿਸਾਨਾਂ ਨੂੰ ਇਨਕਲਾਬ ਦੀ ਮੁੱਖ ਸ਼ਕਤੀ ਮੰਨਿਆ ਜਾਂਦਾ ਹੈ ਚਾਹੇ ਕਿ ਮਜ਼ਦੂਰ ਜਮਾਤ ਵਿਚ ਕੰਮ ਤੇ ਉਸਦੀ ਸਿਧਾਂਤਕ ਅਗਵਾਈ ਨੂੰ ਕਬੂਲਿਆ ਜਾਂਦਾ ਹੈ। ਇਸ ਨਿਰਣੇ ਤਹਿਤ ਕਿਉਂਕਿ ਵਿਸ਼ਾਲ ਲੋਕਾਈ ਵਿਚ ਬੁਰਜੂਆ ਜਮਹੂਰੀ ਚੇਤਨਾ ਅਜੇ ਨਹੀਂ ਪਾਈ ਜਾਂਦੀ ਸੋ ਲੋਕਾਂ ਵਿਚ ਜਮਹੂਰੀ ਚੇਤਨਾ ਫੈਲਾਉਣਾ ਵੀ ਇਕ ਖਾਸ ਕਾਰਜ ਵਜੋਂ ਮਿਥਿਆ ਜਾਂਦਾ ਹੈ। ਇਸ ਲਾਈਨ ਦੇ ਘੇਰੇ ਚਲੇ ਆਉਂਦੇ ਕਮਿ. ਇਨਕਲਾਬੀਆਂ ਵਲੋਂ ਚਾਹੇ ਇਕ ਕੌਮਾਂਤਰੀ ਅਗਵਾਈ ਦੇ ਕੇਂਦਰ ਕਮਿਊਨਿਸਟ ਕੌਮਾਂਤਰੀ ਦੀ ਘਾਟ ਨੂੰ ਮਹਿਸੂਸ ਕੀਤਾ ਜਾਂਦਾ ਹੈ ਪ੍ਰੰਤੂ ਇਸਦੀ ਸਥਾਪਨਾ ਲਈ ਉਨਾਂ ਉਤਸ਼ਾਹ ਨਹੀਂ ਵਿਖਾ-ਇਆ ਜਾਂਦਾ।

ਸੋ ਇਸ ਵਿਚਾਰ ਚਰਚਾ ਤੋਂ ਸਪਸ਼ਟ ਹੈ ਕਿ ਅੱਜ ਕਮਿ. ਇਨ. ਤਾਕਤਾਂ ਵਿਚਕਾਰ ਦੋ ਮੁੱਖ ਰੁਝਾਨ ਪਾਏ ਜਾਂਦੇ ਹਨ ਜਿੰਨਾਂ ਵਿਚਕਾਰ ਹਿੰਦੁਸਤਾਨ ਦੇ ਖਾਸੇ, ਭਾਰਤੀ ਇਨਕਲਾਬ ਦੇ ਰਾਹ, ਅੱਜ ਦੀ ਹਾਲਤ ਵਿੱਚ ਸਾਮਰਾਜ ਦੇ ਸੰਕਟ ਤੇ ਇਸਦੇ ਰੋਲ ਨੂੰ ਅੰਗਣ ਆਦਿ ਮਸਲਿਆਂ ਤੇ ਵੱਖਰੇ ਵੱਖਰੇ ਨਿਰਣੇ ਹਨ. ਤੇ ਇਹਨਾਂ ਦੋ ਰੁਝਾਨਾਂ ਵਿਚਕਾਰ ਬਹਿਸ-ਭੇੜ ਚਲਣਾ ਕੁਦਰਤੀ ਹੈ ਪਰ ਇਸਤੋਂ ਕਮਿ. ਇਨ. ਤਾਕਤਾਂ ਦਾ ਐਨੇ ਧੜਿਆਂ ਵਿੱਚ ਵੰਡੇ ਰਹਿਣਾ ਕਿਸੇ ਤਰ੍ਹਾਂ ਵੀ ਨਹੀਂ ਨਿਕਲਦਾ ਜਿੰਨ੍ਹਾਂ ਵਿਚਕਾਰ ਮਤਭੇਦ ਛੋਟੇ-ਮੋਟੇ ਦਾਅਪੇਚਕ ਜਾਂ ਕਿਸੇ ਧਾਰਵਾਂ ਜਾਂ ਨਿਰਣੇ ਨੂੰ ਵੱਧ ਜਾਂ ਘੱਟ ਮਾਤਰਾ ਵਿੱਚ ਮੰਨਣ ਦੇ ਹਨ। ਅਤੇ ਇਹ ਮਤਭੇਦ ਵੀ ਆਮ ਤੌਰ ਤੇ ਵਖੋ-ਵਖਰੇ ਇਲਾਕਿਆਂ ਵਿੱਚ ਵਖਰੀਆ 2 ਹਾਲਤਾਂ ਹੇਠ ਕੰਮ ਕਰਨ ਤੇ ਆਪਸ ਵਿੱਚ ਬਹਿਸ ਵਿਚਾਰ ਤੇ ਆਪਣੇ ਅਨੁਭਵ ਸਾਂਝੇ ਕਰਨ ਲਈ ਕੋਈ ਸਾਂਝਾ ਜੁਗਾੜ ਨਾ ਹੋਣ 'ਚੋਂ ਨਿਕਲਦੇ ਤੇ ਵਧਦੇ ਹਨ ਇਸਤੋਂ ਬਿਨਾਂ ਇਕ ਦੂਜੇ

ਪ੍ਰਤੀ ਦ੍ਰਿਸ਼ਟੀਕੋਣ ਸਾਥੀਆਵਾਂ ਤੇ ਸਿੱਖਣ ਸਿਖਾਉਣ ਦੀ ਭਾਵਨਾਂ ਵਾਲਾ ਘੱਟ ਤੇ ਦੂਜੇ ਨੂੰ ਗਲਤ ਸਿੱਧ ਕਰ ਕੇ ਆਪਣੀ ਪੈਂਠ ਬਿਠਾਉਣ ਵਾਲਾ ਵੱਧ ਹੈ ਜਿਸ ਕਰਕੇ ਵੱਖ 2 ਮਸਲਿਆਂ ਪ੍ਰਤੀ ਰਾਵਾਂ ਦੇ ਥੋੜੇ ਬਹੁਤ ਵਖਰੇਵੇਂ ਵੀ, ਜੋ ਕਿ ਕੁਦਰਤੀ ਹੁੰਦੇ ਹਨ ਤੇ ਇਕ ਪਾਰਟੀ ਅੰਦਰ ਵੀ ਉਠਦੇ ਰਹਿੰਦੇ ਹਨ, ਅਕਸਰ ਲੰਮੀ ਤੇ ਅਕਾਊ ਅਕੈਡਮਿਕ ਬਹਿਸ ਦੇ ਵਿਸ਼ੇ ਬਣਦੇ ਹਨ। ਇਸਤੋਂ ਇਲਾਵਾ ਉਪਰੋਕਤ ਵਰਨਣ ਕੀਤੀਆਂ ਦੋ ਵੱਖਰੀਆਂ 2 ਲਾਈਨਾਂ ਵਾਲੇ ਰੁਝਾਨ ਵੀ ਕਮਿਊਨਿਸਟ ਪਾਰਟੀਆਂ ਅੰਦਰ ਪਹਿਲਾਂ ਵੀ ਬਹਿਸ ਦਾ ਵਿਸ਼ਾ ਬਣਦੇ ਰਹੇ ਹਨ ਜਿਵੇਂ ਕਿ ਚੀਨ ਦੀ ਕਮਿਊਨਿਸ਼ਟ ਪਾਰਟੀ ਅੰਦਰ ਹੀ ਤੇ ਇਹਨਾਂ ਨੂੰ ਦੋ ਲੀਹਾਂ ਦਰਮਿਆਨ ਘੋਲ ਨੂੰ ਸਹੀ ਢੰਗ ਨਾਲ ਚਲਾ ਕੇ ਹੱਲ ਕੀਤਾ ਜਾਂਦਾ ਰਿਹਾ ਹੈ।

ਅਸਲ ਵਿਚ ਹਿੰਦੁਸਤਾਨ ਦੇ ਕਮਿਊਨਿਸਟਾਂ ਵਲੋਂ ਭਾਰਤੀ ਸਮਾਜ ਤੇ ਭਾਰਤੀ ਇਨਕਲਾਬ ਸਬੰਧੀ ਸਹੀ ਲਾਈਨ ਨਾਂ ਦੇ ਸਕਣ ਦੇ ਵਰਤਾਰੇ ਨੂੰ ਇੱਕ ਕਮਿ. ਇਨ. ਗਰੱਪ (ਮਾਸ ਲਾਈਨ ਗਰੁੱਪ) ਹੀ ਆਪਣੇ ਪਰਚੇ ਵਿੱਚ ਹੁਣ ਇਉਂ ਮੰਨਦਾ ਹੈ—

"ਕਮਿਊਨਿਸਟਾਂ ਵਲੋਂ ਭਾਰਤੀ ਸਮਾਜ ਦਾ ਕੀਤਾ ਗਿਆ ਨਿਰਣਾ ਆਮ ਕਰਕੇ ਸਦਾ ਹੀ ਨੁਕਸਦਾਰ ਸਿੱਧ ਹੋਇਆ ਹੈ। ਉਨ੍ਹਾਂ ਦੀ ਪਹੁੰਚ ਠੋਸ ਹਾਲਤਾਂ ਦੇ ਠੋਸ ਨਿਰਣੇ ਤੋਂ ਨਹੀਂ ਸਗੋਂ ਕੁਝ ਆਮ ਜਿਹੀਆਂ ਸਚਾਈਆਂ ਤੋਂ ਸ਼ੁਰੂ ਕਰਨ ਦੀ ਰਹੀ ਹੈ। ਅਕਸਰ ਹੀ ਬਹਿਸ ਇਸ ਸੁਆਲ ਦੁਆਲੇ ਕੇਂਦਰਤ ਰਹੀ ਕਿ ਭਾਰਤੀ ਹਾਲਤ ਦਾ ਨਿਰਣਾ ਕਰਨ ਲਈ ਰੂਸੀ ਮਾਡਲ ਨੂੰ ਆਧਾਰ ਬਣਾਇਆ ਜਾਵੇ ਜਾਂ ਚੀਨੀ ਨੂੰ ਤੇ ਜਾਂ ਦੋਵਾਂ ਨੂੰ ਹੀ। ਅਤੇ ਉਹਨਾਂ ਨੇ ਭਾਰਤੀ ਸਮਾਜ ਦੀ ਚੀਰਫਾੜ ਕਰਨ ਲਈ ਮਾਰਕਸੀ ਵਿਧੀ ਨੂੰ ਖੁਲ੍ਹੇ ਮਨ ਨਾਲ ਵਰਤਣ ਦੀ ਕਦੇ ਵੀ ਖੇਚਲ ਨਹੀਂ ਕੀਤੀ।"

ਸੋ ਦੂਸਰੇ ਗਰੁੱਪ ਨੂੰ ਸੋਧਵਾਦੀ, ਮੌਕਾਪ੍ਰਸਤ ਜਾਂ ਇਨਕਲਾਬ ਤੋਂ ਭਗੌੜੇ ਕਹਿਣ ਨਾਲ ਜਾਂ ਜਾਤੀ ਚਿੱਕੜ ਉਛਾਲੀ ਕਰਨ ਨਾਲ (ਜਿਵੇਂ ਕਿ ਪਿਛਲੇ ਸਮੇਂ ਵਿੱਚ ਪੰਜਾਬ ਵਿਚ ਕੀਤਾ ਗਿਆ ਹੈ। ਨਾ ਤਾਂ ਕੋਈ ਆਪਣੀ ਲਾਈਨ ਦੀ ਉਤਮਤਾ ਜਚਾ ਸਕਦਾ ਹੈ ਅਤੇ ਨਾ ਹੀ ਦਰੁਸਤ ਲਾਈਨ ਦੇ ਵਿਕਾਸ ਵਿੱਚ ਕੋਈ ਹਿੱਸਾ ਪਾ ਸਕਦਾ। ਅੱਜ ਲੋੜ ਕਮਿਊਨਿਸਟ ਇਨਕਲਾਬ ਲਹਿਰ ਸਾਹਮਣੇ ਖੜੀਆਂ ਸਮਸਿਆਵਾਂ ਨੂੰ ਮਾਰਕਸਵਾਦ-ਲੈਨਿਨਵਾਦ ਵਿੱਚ ਨਿਹਚਾ ਰਖਣ ਵਾਲੇ ਹਰ ਵਿਅਕਤੀ, ਗਰੁੱਪ ਜਾਂ ਪਾਰਟੀ ਨਾਲ ਹਰ ਪੱਖ ਤੋਂ ਖੁਲ੍ਹੇ ਮਨ ਨਾਲ ਵਿਚਾਰਨ ਦੀ ਹੈ ਤੇ ਇਉਂ ਕਰਦੇ ਸਮੇਂ ਹਰ ਕਿਸਮ ਦੇ ਕੱਟੜਵਾਦ ਜਾਂ ਪਹਿਲਾਂ ਹੋਏ ਸਭ ਕੁਝ ਨੂੰ ਨਕਾਰਨ ਦੀ ਬਿਰਤੀ ਨੂੰ ਰੱਦ ਕਰਦੇ ਹੋਏ ਮਾਰਕਸਵਾਦ-ਲੈਨਿਨਵਾਦ ਦੇ ਬੁਨਿਆਦੀ ਅਸੂਲਾਂ ਤੇ ਦ੍ਰਿੜਤਾ ਨਾਲ ਖੜ੍ਹਨਾ ਚਾਹੀਦਾ ਹੈ। ਇਸ ਕੰਮ ਲਈ ਇਕ ਕੁਲ ਹਿੰਦ ਪਰਚੇ ਦੀ ਪ੍ਰਕਾਸ਼ਨਾ ਕਰਨੀ ਸਭ ਤੋਂ ਵੱਧ ਸਹਾਈ ਹੋ ਸਕਦੀ ਹੈ ਜਿਸ ਵਿੱਚ ਸਾਰਿਆਂ ਧੜਿਆਂ ਦੇ ਲੇਖ, ਰਿਪੋਰਟਾਂ ਤੇ ਵੱਖ ਵੱਖ ਮਸਲਿਆਂ ਬਾਰੇ ਆਪਣਾ ਪੱਖ ਪੇਸ਼ ਕਰਨ ਵਾਲੀਆਂ ਲਿਖਤਾਂ ਨੂੰ ਬਿਨਾਂ ਕਿਸੇ ਵਿਤਕਰੇ ਤੋਂ ਛਾਪਿਆ ਜਾਵੇ। ਇਸ ਮਾਮਲੇ ਵਿੱਚ ਤੰਗਨਜ਼ਰੀ ਤੇ ਸੰਕੀਰਣਤਾਵਾਦ ਤੋਂ ਮੁਕਤ ਹੋਣਾ ਜ਼ਰੂਰੀ ਹੈ ਕਿਉਂਕਿ ਅਕਸਰ ਇਹੋ ਜਿਹੇ ਸਿਧਾਂਤਕ ਪਰਚੇ ਤੇ ਜਦ ਇੱਕ ਧਿਰ ਕਾਬਜ਼ ਹੋ ਜਾਵੇ ਤਾਂ ਉਹ ਦੂਸਰਿਆਂ ਦੀਆਂ ਸਮਝਾਂ ਨੂੰ ਵਿਗਾੜ ਕੇ ਤੇ ਆਪਣੀ ਨੂੰ ਉਭਾਰ ਕੇ ਪੇਸ਼ ਕਰਦੀ ਹੈ। ਕਮਿ. ਇਨ ਦੇ ਸਿਧਾਂਤਕ ਪਰਚੇ ਲਿਬਰੇਸ਼ਨ ਨਾਲ ਵੀ ਇੰਜ ਹੀ ਹੋਇਆ ਸੀ (ਉਂਜ ਇਸ ਸਬੰਧ ਵਿੱਚ ਹੁਣ ਕੁਝ ਗਰੁੱਪਾਂ ਵਲੋਂ ਕੋਸ਼ਿਸ਼ਾਂ ਚਲ ਵੀ ਰਹੀਆਂ ਹਨ ਕਿ ਇਸ ਤਰਾਂ ਦਾ ਕੋਈ ਸਾਝਾ ਪਰਚਾ ਕਢਿਆ ਜਾ ਸਕੇ।) ਇਸ ਤੋਂ ਬਿਨਾਂ ਜਨਤਕ ਜਥੇਬੰਦੀਆਂ ਵਿਚ ਕੰਮ ਕਰਦੇ ਸਮੇਂ ਇੱਕ ਵਰਗ ਦੀ ਇਕੋ ਜਥੇਬੰਦੀ ਤੇ ਹੀ ਕਾਇਮ ਰਹਿਣਾ ਚਾਹੀਦਾ ਹੈ ਤੇ ਉਸ ਵਿੱਚ ਜਮਹੂਰੀ ਕੇਂਦਰਵਾਦ ਦੇ ਨਿਯਮਾਂ ਤਹਿਤ ਕੰਮ ਕਰਦੇ ਹੋਏ ਜਨਤਕ ਜਥੇਬੰਦਿਆਂ ਵਿਚੋਂ ਫੁੱਟ ਪਾ ਕੇ ਨਿਕਲਣ ਤੇ ਕਢਣ ਕਢਾਉਣ ਦੇ ਚੱਕਰ ਨੂੰ ਖਤਮ ਕਰਨਾ ਚਾਹੀਦਾ ਹੈ। ਜਨਤਕ ਜਥੇਬੰਦੀ ਦੇ ਮੈਂਬਰਾਂ ਦੀ ਬਹੁਤ ਵੱਡੀ ਬਹੁਗਿਣਤੀ ਵੀ ਅਕਸਰ ਇਕੱਠੇ ਰਹਿਣਾ ਚਾਹੁੰਦੀ ਹੈ ਤੇ ਫੁੱਟ ਦਾ ਵਰਤਾਰਾ ਵਾਪਰਣ ਨਾਲ ਆਮ ਜਥੇਬੰਦ ਕਾਡਰ ਵਿੱਚ ਖਿਝ ਤੇ ਨਿਰਾਸ਼ਤਾ ਫੈਲਦੀ ਹੈ ਤੇ ਸਮੁੱਚੇ ਰੂਪ ਵਿੱਚ ਇਨਕਲਾਬੀ ਕਾਜ ਨੂੰ ਵੱਡਾ ਹਰਜਾ ਪੁੱਜਦਾ ਹੈ।

ਸਾਰੇ ਕਮਿਊਨਿਸਟ ਇਨਕਲਾਬੀਆਂ ਦੇ ਹਰ ਮਸਲੇ ਤੇ, ਹਰ ਨਿਰਣੇ ਵਿਚ ਇਕ ਮੱਤ ਹੋ ਜਾਣ ਬਾਰੇ ਸੋਚਣਾ ਬਿਲਕੁਲ ਗੈਰ ਕੁਦਰਤੀ ਹੈ। ਅਕਸਰ ਹੀ ਅੱਡ 2 ਮਸਲਿਆ ਪ੍ਰਤੀ ਸਾਰੇ ਵਿਅਕਤੀ ਆਪਣੀਆਂ ਵੱਖ ਵੱਖ ਰਾਵਾਂ ਰਖਦੇ ਹਨ ਤੇ ਉਹਨਾਂ ਨੂੰ ਰੱਖਣ ਦਾ ਹੱਕ ਵੀ ਹੁੰਦਾ ਹੈ ਚਾਹੇ ਉਹ ਇਕ ਪਾਰਟੀ ਵਿਚ ਜਥੇਬੰਦ ਹੋਣ ਜਾਂ ਨਾਂ। ਸੋ ਇਹ ਆਸ ਰੱਖਣੀ, ਕਿ ਪਹਿਲਾਂ ਸਾਰੇ ਮਤਭੇਦ ਖਤਮ ਹੋ ਜਾਣ ਫੇਰ ਹੀ ਇਕ ਪਾਰਟੀ ਵਿਚ ਜਥੇਬੰਦ ਹੋ ਸਕਿਆ ਜਾਵੇਗਾ, ਬਿਲਕੁਲ ਫਜ਼ੂਲ ਗੱਲ ਹੈ। ਲੋੜ ਹਰ ਮਸਲੇ ਤੇ ਉਠਦੀਆਂ ਵੱਖ ਵੱਖ ਸਮਝਾਂ ਨੂੰ ਸਹੀ ਢੰਗ ਨਾਲ ਹੱਲ ਕਰਨ ਦੀ ਹੈ। ਅੱਜ ਵੀ ਸਾਰੇ ਕਮਿਊਨਿਸਟ ਇਨਕਲਾਬੀ ਮਾਰਕਸਵਾਦ-ਲੈਨਿਨਵਾਦ-ਮਾਓ ਵਿਚਾਰਧਾਰਾ ਤੇ ਦ੍ਰਿੜਤਾ ਨਾਲ ਖੜੇ ਹਨ, ਗੱਲ ਇਹਨਾਂ ਸਿਧਾਂਤਾਂ ਨੂੰ (ਇਕ ਜੁਟ) ਇਨਕਲਾਬੀ ਤਾਕਤ ਵਿਚ ਵਟਾਉਣ ਦੀ ਹੈ ਜੋ ਇਸ ਨਾਕਾਬਿਲੇ ਜਿਉਣ ਢਾਂਚੇ ਨੂੰ ਉਖਾੜ ਕੇ ਸੁੱਟ ਸਕੇ ਅਤੇ ਇਕ ਚੰਗੇਰਾ ਸਮਾਜ, ਜਿਸਦੀ ਸਦੀਆਂ ਤੋਂ ਕਲਪਨਾ ਕੀਤੀ ਜਾ ਰਹੀ ਹੈ, ਹਕੀਕਤ ਵਿਚ ਸਥਾਪਿਤ ਕਰਨ ਵੱਲ ਵਧਿਆ ਜਾ ਸਕੇ। ਕਿਤੇ ਅਜਿਹਾ ਨਾ ਹੋਵੇ ਕਿ ਅਸੀਂ ਮੋਹਨ ਸਿੰਘ ਦੀਆਂ ਇਹਨਾਂ ਲਾਈਨਾਂ ਨੂੰ ਹੀ ਸਿੱਧ ਕਰਦੇ ਰਹੀਏ—

ਨਾ ਇਕ ਵੀ ਛਿਣ ਗਿਆ ਚੱਜ ਨਾਲ ਫੜਿਆ,
ਕਰਦੇ ਸਨ ਜੋ ਸਮੇਂ ਤੇ ਛਾਣ ਦੀ ਗੱਲ। ●



## RED FORT INSURANCE SERVICES

107 - 9303 - 34 AVE.
EDMONTON, ALBERTA
T6E 5W8

FOR PERSONAL SERVICES CALL:

# HARJIT JUDGE

BUS. 463-9523 RES. 462-2371

**Let me look after all your Insurance Needs:**

**PERSONAL:** Fire, Auto, Motor, Tenant Package

**LIFE INSURANCE:** Mortgage, Disability and Accident & Sickness.

**COMMERCIAL:** Bonding, Liability, Fires, Crime, Apartment Buildings, Retail Stores, Offices, Machinery, Boilers.





# Millhurst Hair Stylists (Unisex)

**5734 - 19 A AVE, EDMONTON**

SPECIALIZED IN:
i) Haircut ii) Blow Dry iii) Colour
iv) Perms v) Henna vi) French Braids

PHONE:

# DARSHAN DHILLON


**FOR APPOINTMENT (463-5012)**



## ALLMAKES APPLIANCE & REFRIGERATION

ਹਰ ਕਿਸਮ ਦੇ
* ਫਰਿਜ਼-ਸਟੋਵ-ਫਰੀਜ਼ਰ
* ਵਾਸ਼ਰ-ਡਰਾਇਰ-ਡਿਸ਼ਵਾਸ਼ਰ
* ਗਾਰਬੂਰੇਟਰ-ਵਾਟਰ ਟੈਂਕ
* ਫਰਨੈਂਸ

ਦੀ ਤਸੱਲੀ ਬਖਸ਼ ਮੁਰੰਮਤ ਜਾਂ ਖਰੀਦਣ
ਵਾਸਤੇ ਹਮੇਸ਼ਾਂ ਫੋਨ ਕਰੋ:





## (604) 525-3557
## 24 HR. SERVICE

## BALDEV DHANJAL

BURNABY, B.C.

ਬਲਦੇਵ ਧੰਜਲ



## NORTH AMERICAN LIFE offers Non Smokers*



**SUDESH KALIA**

**MAKE THAT CALL NOW**

ASSURING
BRIGHT
FINANCIAL
FUTURES

**Bus. 685-9335**
**Res. 254-5837**

**NORTH AMERICAN LIFE ASSURANCE COMPANY**
**ESTABLISHED IN CANADA 1881**
**320-815-W.Hastings St**
**Vancouver B.C.**
**V6C 2W1**

# ਪੰਜਾਬ ਦੀ ਆਵਾਜ਼

ਮੱਖਣ ਟੁੱਟ, ਵੈਨਕੂਵਰ

### ਪਾਤਰ

**ਪੰਜਾਬ** — ਇਕ ਰਿਸ਼ੀ-ਮੁਨੀ ਵਰਗਾ ਭੇਸ ਹੈ। ਵਾਲ ਪਿਛੇ ਨੂੰ ਖਿਲਰੇ ਹੋਏ, ਲੰਮੀ ਦਾਹੜੀ ਤੇ ਮੁੱਛਾਂ ਹਨ, ਲੰਮਾ ਚੋਲਾ ਪਾਇਆ ਹੋਇਆ ਹੈ। ਸ਼ਕਲ ਤੋਂ ਕੋਈ ਹਿੰਦੂ, ਸਿਖ ਜਾਂ ਮੁਸਲਮਾਨ ਨਹੀਂ ਲਗਦਾ। ਤੁਰਨ ਵੇਲੇ ਸਹਾਰੇ ਲਈ ਉਹ ਦੋ ਦਵਾਖੀਆਂ (ਫਹੁੜੀਆਂ) ਦਾ ਸਹਾਰਾ ਲੈਂਦਾ ਹੈ ਕਿਉਂਕਿ ਉਸਦੀਆਂ ਲੱਤਾਂ ਟੁੱਟਣ ਕਰਕੇ ਕਮਜ਼ੋਰ ਹਨ।

**ਸਿੱਖ ਲੀਡਰ ਤੇ ਹੋਰ ਸਿੱਖ** — ਸਿਖੀ ਬਾਣੇ ਵਿਚ ਇਕ ਸਿੱਖ ਲੀਡਰ ਹੈ ਅਤੇ ਉਸਦੇ ਨਾਲ ਦੋ ਜਾਂ ਤਿੰਨ ਹੋਰ ਸਿੱਖ ਪਾਤਰ ਹਨ।

**ਹਿੰਦੂ ਲੀਡਰ ਅਤੇ ਹੋਰ ਹਿੰਦੂ** — ਹਿੰਦੂ ਲੀਡਰ-ਧੋਤੀ, ਟੋਪੀ ਤੇ ਚਿੱਟਾ ਕੁੜਤਾ ਪਹਿਨੀਂ ਮੱਥੇ ਤੇ ਤਿਲਕ ਲਾਉਂਦਾ ਹੈ। ਏਸੇ ਪਹਿਰਾਵੇ ਵਿਚ ਦੋ ਤਿੰਨ ਹੋਰ ਹਿੰਦੂ ਹਨ।

(ਪਰਦਾ ਖੁਲ੍ਹਣ ਤੇ ਪਰਦੇ ਦੇ ਪਿਛੋਂ ਨਾਹਰਿਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ - ਪਹਿਲੀਆਂ ਆਵਾਜ਼ਾਂ— ਕੰਘਾ ਕੱਛਾ ਤੇ ਕਿਰਪਾਨ — ਧੱਕ ਦਿਆਂਗੇ ਪਾਕਿਸਤਾਨ (ਦੋ ਤਿੰਨ ਵਾਰ ਦੁਹਰਾਈਆਂ ਜਾਂਦੀਆਂ ਹਨ)

ਦੂਜੀਆਂ ਆਵਾਜ਼ਾਂ — ਧੋਤੀ ਟੋਪੀ - ਜਮਨਾ ਪਾਰ (ਦੋ ਤਿੰਨ ਵਾਰ ਦੁਹਰਾਈਆਂ ਜਾਂਦੀਆਂ ਹਨ)

ਸਾੜ ਦਿਓ ਉਏ ਮੰਦਰ - ਫੜ ਲੋ ਉਏ ਹਿੰਦੂਆਂ ਨੂੰ
ਫੂਕ ਦਿਓ ਉਏ ਗੁਰਦੁਵਾਰੇ - ਫੜ ਲੋ ਉਏ ਸਿਖ ਬਚ ਨਾ ਜਾਵੇ —

ਫੜ ਲੋ - ਮਾਰ ਤਾ ਉਏ — ਲੁਟ ਲਿਆ ਉਏ - ਬਰੀਰਾ ਬਰੀਰਾ ਦਾ ਚੀਕ ਚਿਹਾੜਾ ਪੈਂਦਾ ਹੈ। ਔਰਤਾਂ ਅਤੇ ਬੱਚਿਆਂ ਦੀਆਂ ਚੀਕਾਂ ਦੀਆਂ ਆਵਾਜ਼ਾਂ ਆਉਂਦੀਆਂ ਹਨ। ਆਵਾਜ਼ਾਂ ਬੰਦ ਹੋਣ ਤੇ ਮਾਤਮ ਦੀ ਸੰਗੀਤ ਧੁਨ ਵੱਜਦੀ ਹੈ। ਇਕ ਔਰਤ ਦੀ ਆਵਾਜ਼ ਚੋਂ ਦਰਦ ਬੋਲ ਨਿਕਲਦੇ ਹਨ।

"ਅੱਜ ਆਖਾਂ ਵਾਰਿਸ ਸ਼ਾਹ ਨੂੰ, ਵੇ ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ, ਵੇ ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ, ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।"

ਇਨ੍ਹਾਂ ਸਤਰਾਂ ਦੇ ਗਾਉਣ ਦੀ ਆਵਾਜ਼ ਦੌਰਾਨ ਪੰਜਾਬ ਸਟੇਜ ਤੇ ਦਾਖਲ ਹੁੰਦਾ ਹੈ। ਦੁੱਖ ਨਾਲ ਸਿਰ ਹਿਲਾਉਂਦਾ ਉਹ ਦਵਾਖੀਆਂ ਸਹਾਰੇ ਤੁਰਦਾ ਹੈ। ਆਵਾਜ਼ ਬੰਦ ਹੋਣ ਤੇ ਦੁੱਖ ਭਰੀ ਆਵਾਜ਼ ਵਿਚ ਉਹ ਲੋਕਾਂ ਨੂੰ ਸੰਬੋਧਨ ਕਰਕੇ ਬੋਲਦਾ ਹੈ

**ਪੰਜਾਬ** — ਮੈਂ ਹਾਂ ਤੁਹਾਡਾ ਲੁੱਟ ਪੁੱਟ ਹੋ ਰਿਹਾ ਪੰਜਾਬ। ਇਹ ਆਵਾਜ਼ਾਂ ਮੇਰੇ ਘਰੋਂ ਆ ਰਹੀਆਂ ਨੇ। ਇਹ ਦੁਹਾਈ ਮੇਰੇ ਪੁੱਤਰਾਂ ਦੀ ਦੁਹਾਈ ਏ। ਇਹ ਚੀਕਾਂ ਮੇਰੀਆਂ ਧੀਆਂ ਦੀਆਂ ਚੀਕਾਂ ਨੇ। (ਲੰਮਾ ਹਉਕਾ ਭਰਕੇ) ਮੇਰੀਆਂ ਧੀਆਂ ਉਦੋਂ ਵੀ ਰੋਈਆਂ ਸੀ ਜਦੋਂ ਕਿਸੇ ਨੇ ਮੇਰੇ ਪੰਜਾਂ ਪਾਣੀਆਂ 'ਚ ਜ਼ਹਿਰ ਘੋਲਿਆ ਸੀ। ਫਿਰਕਾਪ੍ਰਸਤੀ ਦੇ ਜ਼ਹਿਰੀ ਨਾਗ ਮੇਰੇ ਪੁੱਤਰਾਂ ਨੂੰ ਡੰਗਿਆ ਸੀ ਉਦੋਂ ਵੀ ਇਨ੍ਹਾਂ ਨੇ ਸੁਹਾਗ ਦੇ ਗੀਤ ਗਾਉਣ ਦੀ ਥਾਂ ਵੈਣ ਪਾਏ ਸੀ। ਜਿਸ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖੀ ਸੀ, ਅਹੁ ਜਿਸ ਬੁਧੂ ਸ਼ਾਹ ਨੇ ਪੁਤਰਾਂ, ਪੋਤਰਿਆਂ ਤੇ ਮੁਰੀਦਾਂ ਨੂੰ ਕਲਗੀਧਰ ਦੇ ਉਦੇਸ਼ਾਂ ਤੋਂ ਵਾਰਿਆ ਸੀ, ਅਹੁ ਜਿਨ੍ਹਾਂ ਨੇ ਉਹਨੂੰ ਉਚ ਦਾ ਪੀਰ ਬਣਾ ਕੇ ਸੱਚ ਦਾ ਪੱਲੂ ਫੜਿਆ ਸੀ, ਉਨ੍ਹਾਂ ਦੀ ਕੁੱਲ ਦੀਆਂ ਲਾਸ਼ਾਂ ਨਫਰਤ ਦੀ ਧੂੜ ਹੇਠ ਨੱਪੀਆਂ ਕਾਵਾਂ ਤੇ ਕੁੱਤਿਆਂ ਨੇ ਖਾਧੀਆਂ ਸੀ। ਅਹੁ ਜਿਸ ਕੇਸਰੀ ਨਿਸ਼ਾਨ ਦੀ ਛਾਂ ਹੇਠ ਹਿੰਦੂਆਂ ਸਿੱਖਾਂ ਤੇ ਮੁਸਲਮਾਨਾਂ ਨੇ ਈਦਾਂ ਵਿਸਾਖੀਆਂ ਤੇ ਦੀਵਾਲੀਆਂ ਇਕੱਠਿਆਂ ਮਨਾਈਆਂ ਸਨ, ਉਹਦੇ ਹੇਠ ਖੂਨ ਦੀ ਹੋਲੀ ਖੇਡੀ ਸੀ। (ਲੋਕਾਂ ਨੂੰ ਸੰਬੋਧਨ ਕਰਕੇ) ਤੁਸੀਂ ਭੁੱਲ ਗਏ ਹੋ? ਨਹੀਂ ਨਹੀਂ ਤੁਸੀਂ ਭੁਲ ਨਹੀਂ ਸਕਦੇ। ਯਾਦ ਕਰੋ — ਯਾਦ ਕਰੋ ਉਹ ਵੇਲਾ। ਮੈਨੂੰ ਤਾਂ ਸਭ ਯਾਦ ਹੈ।

ਅਜੇ ਨਾ ਭੁਲਿਆ ਸੰਨ ਸੰਤਾਲੀ
ਅਜੇ ਨਾ ਭੁੱਲੀ ਨ੍ਹੇਰੀ ਕਾਲੀ।
ਅਜੇ ਨਾ ਭੁਲਿਆ ਰੋਂਦਾ ਸਤਲੁਜ
ਲਾਸ਼ਾਂ ਢੋਂਦੀ ਭੁੱਲੀ ਨਾ ਰਾਵੀ।
ਭੁੱਲੀਆਂ ਨਾ ਭੈਣਾਂ ਦੀਆਂ ਚੀਕਾਂ
ਨਾ ਹੀ ਭੁੱਲੇ ਵੈਣ ਨਾਰਾਂ ਦੇ।
ਲੀਡਰ ਭੁੱਲ ਗਏ ਬਣ ਚੌਧਰੀ
ਅਹੁ ਧਰਮਾਂ, ਅਹੁ ਸਰਕਾਰਾਂ ਦੇ।
ਭਲਾ ਉਹ ਮਾਂ ਕੀਕਣ ਭੁੱਲੇ
ਵਿਛੜ ਗਏ ਪੰਜ ਪੁਤਰਾਂ ਨੂੰ
ਰੋਂਦੇ ਵਹਿੰਦੇ ਜੋ ਰਹਿਣ ਪਿਆਸੇ
ਅਜੇ ਵੀ ਮਾਂ ਪਿਆਰਾਂ ਦੇ।

(ਲੰਮਾ ਹਉਕਾ ਭਰਕੇ) ਕਿਸੇ ਨੇ ਉਦੋਂ ਵੀ ਅੱਗ ਲਾ ਕੇ ਕੰਧ ਤੇ ਬਹਿ ਕੇ ਦੇਖੀ ਸੀ ਤੇ ਭਾਂਬੜ ਕਿਸੇ ਨੇ ਅੱਜ ਵੀ ਬਾਲੇ ਨੇ। ਆਓ ਦੇਖੋ — ਆਪਣਾ ਘਰ ਤਾਂ ਦੇਖੋ —

ਪਰਦੇ ਦੇ ਪਿਛੋਂ — (ਪਰਦੇ ਦੇ ਪਿਛੋਂ ਆਵਾਜ਼ਾਂ ਆਉਂਦੀਆਂ ਹਨ। ਪਹਿਲੀ ਆਵਾਜ਼ - ਬੱਸ ਖੜੀ ਕਰ ਉਏ ਡਰਾਈਵਰਾ ਨਹੀਂ ਤਾਂ ਸਾਲਿਆ ਗੋਲੀਆਂ ਨਾਲ ਉਡਾ ਦਿਆਂਗੇ।

ਦੂਜੀ ਆਵਾਜ਼ — ਤੈਨੂੰ ਸੁਣਿਆਂ ਨਹੀਂ ਉਏ ਸਾਲਿਆ ਬੱਸ ਖੜੀ ਕਰ (ਇੰਜਣ ਬੰਦ ਹੋਣ ਦੀ ਆਵਾਜ਼ ਆਉਂਦੀ ਹੈ) ਆਹ ਜਿਹੜੇ ਮੋਨੇ ਆ ਹਿੰਦੂ ਆ ਬਾਹਰ ਨਿਕਲੋ ਉਏ ਸਾਲਿਓ।

ਪਹਿਲੀ ਆਵਾਜ਼ — ਪੰਜੇ ਲਾਈਨ 'ਚ ਖੜੇ ਹੋ ਜਾਓ ਉਏ। (ਗੋਲੀਆਂ ਚਲਣ ਦੀ ਆਵਾਜ਼ ਆਉਂਦੀ ਹੈ ਅਤੇ ਮਰਨ ਵਾਲਿਆਂ ਦੀ ਦੁਹਾਈ ਸੁਣਦੀ ਹੈ — ਗੋਲੀਆਂ ਦੀ ਇਸ ਆਵਾਜ਼ ਤੇ ਦੁਖੀ ਪੰਜਾਬ ਆਪਣੀ ਛਾਤੀ ਤੇ ਇੰਜ ਐਕਸ਼ਨ ਕਰਦਾ ਹੈ ਜਿਵੇਂ ਗੋਲੀਆਂ ਉਸਦੇ ਲੱਗ ਰਹੀਆਂ ਹੋਣ)

ਸਟੇਜ ਮਗਰੋਂ ਨਾਹਰਿਆਂ ਦੀ ਆਵਾਜ਼ ਆਉਂਦੀ ਹੈ। ਹਿੰਦੂ ਸਾਮਰਾਜ - ਮੁਰਦਾਬਾਦ। ਇਕੱਠੀਆਂ ਆਵਾਜ਼ਾਂ — ਲੂਹ ਦਿਓ ਉਏ ਮੰਦਰ - ਲੂਹ ਦਿਓ ਉਏ ਹਿੰਦੂਆਂ ਦੇ ਘਰ - ਲੂਹ ਦਿਓ ਇਨ੍ਹਾਂ ਦੀਆਂ ਦੁਕਾਨਾਂ - ਲੂਹ ਦਿਓ ਲੂਹ ਦਿਓ ਦਾ ਰੌਲਾ ਪੈਂਦਾ ਹੈ ਬੋਲੇ ਸੋ ਨਿਹਾਲ ਦੇ ਜੈਕਾਰੇ ਗੂੰਜਦੇ ਹਨ

ਪੰਜਾਬ : (ਸਟੇਜ ਤੇ ਫਿਰਦਾ ਸਰੀਰ ਨੂੰ ਇੰਜ ਮਲਦਾ ਹੈ ਜਿਵੇਂ ਅੱਗ ਉਸਦੇ ਸਰੀਰ ਨੂੰ ਲੱਗੀ ਹੋਵੇ) ਆਹ ਮੇਰਾ ਸਰੀਰ ਸੜ ਰਿਹਾ ਹੈ। ਅਹੁ ਦੇਖੋ ਸਤਲੁਜ ਦੇ ਹੰਝੂ। ਅਹੁ ਸੁਣੋ ਬਿਆਸਾਂ ਦੀਆਂ ਚੀਕਾਂ — ਅਹੁ ਦੇਖੋ ਭਾਂਬੜ — ਸੁਣੋ ਸੁਣੋ ਅਹੁ ਕੀ ਹੋ ਰਿਹਾ ਸੁਣੋ।

ਪਰਦੇ ਪਿਛੋਂ : (ਪਰਦੇ ਦੇ ਪਿਛੋਂ ਆਵਾਜ਼ਾਂ ਆਉਂਦੀਆਂ ਹਨ)

ਪਹਿਲੀ ਆਵਾਜ਼ : ਬੱਸ ਕੋ ਰੋਕੋ ਡਰਾਈਵਰ ਯੇ ਹਰਿਆਣਾ ਹੈ।

ਦੂਜੀ ਆਵਾਜ਼ : ਸਾਲੇ ਚੂੰ ਕੀ ਤੋ ਗੋਲੀ ਸੇ ਉਡਾ ਦੇਗਾ। ਪਕੜ ਲੋ ਇਨ ਸਾਲੇ ਸਿਖੜੋਂ ਕੋ।

ਪਹਿਲੀ ਆਵਾਜ਼ — ਉਤਾਰ ਲੋ ਸਾਲੋਂ ਕੀ ਪਗੜੀਏਂ। ਮਾਰ ਦੋ ਸਾਲੋਂ ਕੋ ਗੋਲੀਏਂ। (ਫਿਰ ਗੋਲੀਆਂ ਚੱਲਣ ਦੀ ਆਵਾਜ਼ ਆਉਂਦੀ ਹੈ ਤੇ ਚੀਕ ਚਿਹਾੜਾ ਪੈਂਦਾ ਹੈ।) (ਗੋਲੀਆਂ ਚੱਲਣ ਦੀ ਆਵਾਜ਼ ਤੇ ਪੰਜਾਬ ਸਟੇਜ ਤੇ ਇੰਜ ਐਕਸ਼ਨ ਕਰਦਾ ਹੈ ਜਿਵੇਂ ਗੋਲੀਆਂ ਉਹਦੀ ਛਾਤੀ 'ਚ ਲੱਗੀਆਂ ਹੋਣ

ਇਕੱਠੀਆਂ ਆਵਾਜ਼ਾਂ — ਕਰ ਦੋ ਹਮਲਾ। ਫੂਕ ਦੋ ਗੁਰਦੁਆਰੇ। ਫੂਕ ਦੋ ਸਾਲੇ ਸਿਖੜੋਂ ਕੇ ਘਰ - ਫੂਕ ਦੋ - ਫੂਕ ਦੋ - ਫੂਕ ਦੋ (ਚੀਕ ਚਿਹਾੜਾ ਪੈਂਦਾ ਹੈ)

ਪੰਜਾਬ — (ਲੋਕਾਂ ਨੂੰ ਸੰਬੋਧਨ ਕਰਕੇ) —
ਅਹੁ ਮਰੀ ਹਾਹਾਕਾਰ ਸੁਣੋ।

ਅਹੁ ਚੀਕੀ ਖੂਨੀ ਤਲਵਾਰ ਸੁਣੋ ।
ਸੁਣੋ ! ਸੁਣੋ ! ਸੁਣੋ ਉਏ ਲੋਕੋ ।
ਮੇਰੇ ਆਪਣੇ ਖੂਨ ਦੀ ਪੁਕਾਰ ਸੁਣੋ ।

ਮੇਰਾ ਘਰ ਸੜ ਰਿਹਾ ਏ । ਤੁਹਾਡਾ ਘਰ ਸੜ ਰਿਹਾ ਏ । ਕੋਈ ਤੇਲ ਪਾ ਰਿਹਾ ਏ । ਕੋਈ ਤੀਲੀ ਲਾ ਰਿਹਾ ਏ । ਵਤਨੋਂ ਦੂਰ ਪ੍ਰਦੇਸਾਂ 'ਚ ਬੈਠਿਓ ਸੇਕ ਲੱਗਦਾ ਹੈ ਕਿ ਨਹੀਂ ? ਤੁਸੀਂ ਇਨਾਂ ਭਾਂਬੜਾਂ ਤੇ ਤੇਲ ਪਾਓਗੇ ਜਾਂ ਪਾਣੀ ? ਬੋਲੋ ਬੋਲੋ - ਕੁਝ ਤਾਂ ਬੋਲੋ । ਐਸ ਧਰਤੀ ਤੋਂ ਸਰਾਭਾ ਉਠਿਆ । ਐਸ ਧਰਤੀ ਤੋਂ ਲਾਲਾ ਹਰਦਿਆਲ ਗਿਆ । ਹਿੰਦੂਆਂ ਸਿਖਾਂ ਦੀ ਏਕਤਾ ਨੇ ਗਦਰ ਦੀ ਗੂੰਜ ਪਾ ਦਿਤੀ । ਅਹੁ ਦੇਖੋ ! ਅੱਜ ਏਸੇ ਧਰਤੀ ਤੋਂ ਮੈਨੂੰ ਜਿਉਂਦਿਆਂ ਸਾੜਨ ਲਈ ਕੋਈ ਬਾਲਣ ਪਾੜ ਰਿਹਾ ਏ । ਸੁਣੋ ਉਏ ਲੋਕੋ ਆਪਣੇ ਕੰਨਾਂ ਨਾਲ ਸੁਣੋ । ਦੇਖੋ ਉਏ ਲੋਕੋ ਆਪਣੀਆਂ ਅੱਖਾਂ ਨਾਲ ਦੇਖੋ (ਪਰਦੇ ਦੇ ਪਿਛੇ ਵਲ ਇਸ਼ਾਰਾ ਕਰਦਾ ਹੈ)

(ਪਰਦੇ ਦੇ ਪਿਛੋਂ ਇਕ ਹਿੰਦੂਆਂ ਦਾ ਗਰੁਪ ਸਟੇਜ ਤੇ ਆਉਂਦਾ ਹੈ ਜਿਸਦੀ ਅਗਵਾਈ ਹਿੰਦੂ ਲੀਡਰ ਕਰ ਰਿਹਾ ਹੈ । ਸਟੇਜ ਤੇ ਦਾਖਲ ਹੁੰਦੇ ਨਾਹਰੇ ਲਾਉਂਦੇ ਹਨ ਹੱਥਾਂ ਵਿਚ ਡਾਗਾਂ ਫੜੀਆਂ ਹੋਈਆਂ ਹਨ)

ਕੱਛਾ ਕੜਾ ਤੇ ਕਿਰਪਾਨ - ਧੱਕ ਦਿਆਂਗੇ ਪਾਕਿਸਤਾਨ (ਦੋ ਤਿੰਨ ਵਾਰ ਨਾਹਰੇ ਨੂੰ ਦੁਹਰਾਂਦੇ ਸਟੇਜ ਦਾ ਚੱਕਰ ਲਾਉਂਦੇ ਇਕ ਪਾਸੇ ਖੜ੍ਹ ਜਾਂਦੇ ਹਨ)

(ਦੂਸਰਾ ਗਰੁਪ ਸਟੇਜ ਤੇ ਦਾਖਲ ਹੁੰਦਾ ਹੈ ਜਿਸਦੀ ਅਗਵਾਈ ਸਿਖ ਲੀਡਰ ਕਰ ਰਿਹਾ ਹੈ । ਹੱਥ ਵਿਚ ਡਾਂਗਾਂ ਫੜੀਆਂ ਹਨ ਨਾਹਰੇ ਲਾਉਂਦੇ ਹਨ — ਧੋਤੀ ਟੋਪੀ — ਜਮਨਾ ਪਾਰ ਅਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾਉਂਦੇ ਹਨ । ਹਿੰਦੂ ਗਰੁਪ ਦੇ ਕੋਲ ਦੀ ਲੰਘਦਿਆਂ ਗੁੱਸੇ ਅਤੇ ਨਫਰਤ ਦਾ ਵਿਖਾਵਾ ਕਰਦੇ ਹਨ । ਹਿੰਦੂ ਗਰੁਪ ਵੀ ਗੁਸੇ ਦੇ ਅੰਦਾਜ਼ ਵਿਚ ਨਫਰਤ ਦਿਖਾਉਂਦਾ ਹਰਕਤ ਕਰਦਾ ਹੈ । ਇਕ ਸਿਖ ਹਿੰਦੂ ਦੀ ਡਾਂਗ ਤੇ ਡਾਂਗ ਮਾਰ ਦਿੰਦਾ ਹੈ । ਦੋਨੋਂ ਪਾਸੇ ਡਾਂਗਾਂ ਖੜਕਦੀਆਂ ਹਨ । ਪੰਜਾਬ ਗੁੱਸੇ ਨਾਲ ਆਉਂਦਾ ਵਿਚਕਾਰ ਆਣ ਖੜ੍ਹਦਾ ਹੈ ਤੇ ਦੋਨਾਂ ਨੂੰ ਸੰਬੋਧਨ ਕਰਕੇ ਬੋਲਦਾ ਹੈ

ਪੰਜਾਬ : ਨਾ ਪਾੜੋ ਉਏ ਹਿੰਦ ਦੀ ਚਾਦਰ
ਨਾ ਬਣੋ ਉਏ ਧਰਮੀ ਜਾਬਰ
(ਲੋਕਾਂ ਨੂੰ ਸੰਬੋਧਨ ਕਰਕੇ) ਸੰਭਲ ਉਏ ਲੋਕਾ ਅੰਦਰੋਂ ਉਠਿਆ
ਆਹ ਮਜ਼ਬਾਂ ਦਾ ਜਨੂੰਨ ਜਿਹਾ ਕੋਈ
ਬਾਹਰੋਂ ਨਾ ਕੋਈ ਆਇਆ ਗਜ਼ਨਵੀ
ਨਾ ਕੋਈ ਬਾਬਰ ਨਾ ਕੋਈ ਨਾਦਰ ।
(ਦੋਵੇਂ ਗਰੁਪ ਉਸ ਵੱਲ ਨਿਗਾ ਟਿਕਾ ਕੇ ਦੇਖਦੇ ਹਨ)

ਸਿਖ ਲੀਡਰ : (ਹੈਰਾਨ ਹੋ ਕੇ) ਉਏ ਬਾਪੂ ਤੂੰ ?

ਹਿੰਦੂ ਲੀਡਰ : (ਹੈਰਾਨ ਹੋ ਕੇ) ਉਏ ਬਾਪੂ ਤੂੰ ਇਥੇ ਕਿਵੇਂ ?

ਪੰਜਾਬ : ਉਏ ਪਾਪੀਓ ਤੁਸੀਂ ਫਿਰਕੂ ਅੱਗ ਦੇ ਅੰਗਿਆਰਾਂ ਦਾ ਛੱਟਾ ਇਥੇ ਵੀ ਦੇ ਰਹੇ ਹੋ । ਮੈਨੂੰ ਇਥੇ ਆਉਣਾ ਹੀ ਪਿਆ । ਪਰ ਖਬਰਦਾਰ ਜੇ ਮੈਨੂੰ ਬਾਪੂ ਕਿਹਾ ਤਾਂ ।

ਸਿਖ ਲੀਡਰ : ਕਿਉਂ ਨਾ ਕਹਾਂ ਬਾਪੂ । ਤੂੰ ਮੇਰਾ ਬਾਪੂ ਹੈਂ ਅਹੁ ਟੋਪੀ ਵਾਲੇ ਹਿੰਦੂ ਦਾ ਨਹੀਂ ।

ਹਿੰਦੂ ਲੀਡਰ : ਨਹੀਂ ਨਹੀਂ ਤੂੰ ਮੇਰਾ ਬਾਪੂ ਹੈਂ ਐਸ ਸਿਖੜੇ ਦਾ ਨਹੀਂ ।

ਪੰਜਾਬ : ਜਦੋਂ ਔਲਾਦ ਹੀ ਨਲਾਇਕ ਹੋਵੇ ਬਾਪੂ ਨੂੰ ਉਨ੍ਹਾਂ ਦਾ ਬਾਪੂ ਅਖਵਾਂਦਿਆਂ ਸ਼ਰਮ ਆਂਦੀ ਏ ।

ਸਿਖ ਲੀਡਰ : ਤੈਨੂੰ ਕਾਇਮ ਰੱਖਣ ਲਈ ਅਸੀਂ ਸਰਾਭਾ ਵਾਰਿਆ ।

ਹਿੰਦੂ ਲੀਡਰ : ਅਸੀਂ ਲਾਲਾ ਹਰਦਿਆਲ ਦਿਤਾ ।

ਸਿਖ ਲੀਡਰ : ਅਸੀਂ ਊਧਮ ਸਿਘ ਦਿਤਾ ।

ਹਿੰਦੂ ਲੀਡਰ : ਅਸੀਂ ਲਾਲਾ ਲਾਜਪਤ ਰਾਏ ਦਿਤਾ ।

ਸਿਖ ਲੀਡਰ : ਅਸੀਂ ਭਗਤ ਸਿਘ ਦਿਤਾ ।

ਹਿੰਦੂ ਲੀਡਰ : ਸਾਡੇ ਰਾਜਗੁਰੂ ਤੇ ਸੁਖਦੇਵ ਉਹਦੇ ਦੋਨੋਂ ਪਾਸੇ ਫਾਂਸੀ ਤੇ ਲਟਕਾਏ ਗਏ ।

ਪੰਜਾਬ : ਚੁਪ ਕਰੋ - ਚੁਪ ਕਰੋ । ਤੁਸੀਂ ਦੋਨੋਂ ਇਕ ਦੂਜੇ ਤੋਂ ਵੱਡਾ ਦਸਕੇ ਪਿਓ ਤੇ ਅਹਿਸਾਨ ਕੀਤਾ ਦਸਦੇ ਹੋ । ਕਦੀ ਇਹ ਵੀ ਕਿਹਾ ਸਾਡੇ ਤੀਜੇ ਭਰਾ ਨੇ ਬਹੁਤ ਕੁਝ ਦਿਤਾ ।

ਹਿੰਦੂ ਸਿਖ ਦੋਨੋਂ : ਕਿਹੜੇ ਤੀਜੇ ਨੇ ?

ਪੰਜਾਬ : ਭੁਲ ਗਏ ਓ ! ਕਦੀ ਭੀਖਣ ਸ਼ਾਹ, ਕਦੀ ਬੁਧੂ ਸ਼ਾਹ, ਕਦੀ ਗਨੀ ਖਾਂ ਕਦੀ ਨਬੀ ਖਾਂ ਬਣਿਆਂ ਅਤੇ ਕਦੀ ਰਹਿਮਤ ਅਲੀ ਬਣਕੇ ਭਗਤ ਸਰਾਭੇ ਵਾਂਗ ਸ਼ਹਾਦਤ ਦਾ ਜਾਮ ਪੀ ਗਿਆ । ਤੁਸੀਂ ਤਿੰਨ ਸੀ । ਮੇਰੀਆਂ ਅੱਖਾਂ ਦੇ ਤਾਰੇ । ਇਕ ਦਾ ਨਾਂ ਰਾਮ, ਇਕ ਦਾ ਨਾਂ ਰਹੀਮ ਤੇ ਇਕ ਦਾ ਨਾਂ ਸਿੰਘ ਸੀ । ਤੁਹਾਡੀ ਆਪਣੀ ਲੜਾਈ ਨੇ ਮੇਰੀਆਂ ਆਹ ਲੱਤਾਂ ਤੋੜ ਦਿਤੀਆਂ (ਲੱਤਾਂ ਵਲ ਇਸ਼ਾਰਾ ਕਰਕੇ) ਮੈਨੂੰ ਲੰਗੜਾ ਕਰ ਦਿਤਾ । ਮੇਰਾ ਇਕ ਪੁੱਤ ਮੇਰੇ ਨਾਲੋਂ ਵੱਖਰਾ ਕਰ ਦਿੱਤਾ ।

ਸਿਖ ਲੀਡਰ : ਉਏ ਅਸੀਂ ਵੱਖ ਨਹੀਂ ਕੀਤਾ । ਵੱਖਰਾ ਉਹ ਆਪ ਹੋਇਆ ।

ਹਿੰਦੂ ਲੀਡਰ : ਵੱਖਰਾ ਅਸੀਂ ਵੀ ਨਹੀਂ ਕੀਤਾ । ਆਪਣੇ ਆਪ ਹੋਇਆ ।

ਪੰਜਾਬ : ਤੁਹਾਡੇ ਏਕੇ ਦੇ ਹੁੰਦਿਆਂ ਜਿਹੜੇ ਮੇਰੇ ਵੱਲ ਕੈਹਰੀ ਅੱਖ ਕਰਕੇ ਦੇਖ ਨਹੀਂ ਸਕਦੇ ਸੀ ਤੁਹਾਡੀ ਫੁੱਟ ਪਾ ਕੇ ਉਹ ਮੇਰੀ ਹਿੱਕ ਤੇ ਚੜ੍ਹ ਕੇ ਨੱਚਦੇ ਰਹੇ ।

ਸਿਖ ਲੀਡਰ : ਫੁਟ ਤਾਂ ਪੈਣੀ ਹੀ ਸੀ ਕਰਤੂਤਾਂ ਤੋਂ । ਅੱਜ ਉਹੀ ਕਰਤੂਤਾਂ ਆਹ ਹਿੰਦੂ ਕਰਦੇ ਨੇ ।

ਪੰਜਾਬ : ਕਿਹੜੀਆਂ ਕਰਤੂਤਾਂ ਕਰਦੇ ਨੇ ਇਹ ਹਿੰਦੂ ?

ਇਕ ਸਿਖ : ਇਹ ਸਾਨੂੰ ਸਾਡੇ ਹੱਕ ਨਹੀਂ ਦਿੰਦੇ ।

ਦੂਜਾ ਸਿਖ : ਇਨ੍ਹਾਂ ਤੋਂ ਸਾਡੇ ਧਰਮ ਨੂੰ ਖਤਰਾ ਹੈ ।

ਇਕ ਹਿੰਦੂ : (ਸਿਖਾਂ ਵੱਲ ਇਸ਼ਾਰਾ ਕਰਕੇ) ਇਨ੍ਹਾਂ ਤੋਂ ਸਾਡੇ ਕਰਮ ਨੂੰ ਖਤਰਾ ਹੈ।

ਪੰਜਾਬ : ਸੋਚੋ ! ਸੋਚੋ ! ਮੇਰੇ ਮੂਰਖ ਪੁੱਤਰੋ ! ਜਨੂੰਨੀਆਂ ਦੀਆਂ ਗੱਲਾਂ ਸੁਣ ਕੇ ਅਮਲ ਕਰਨ ਤੋਂ ਪਹਿਲਾਂ ਆਪਣੇ ਦਿਮਾਗਾਂ ਨਾਲ ਤਾਂ ਸੋਚੋ । (ਇਕ ਹਿੰਦੂ ਨੂੰ ਸੰਬੋਧਨ ਕਰਕੇ) ਮੇਰੇ ਹਿੰਦੂ ਪੁਤਰ ਕੀ ਇਹ ਮੰਦਰ ਉਨ੍ਹਾਂ ਨੇ ਸਾੜੇ ਸੀ ਜਿਨ੍ਹਾਂ ਨੂੰ ਹਰਿਆਣੇ ਵਿਚ ਬੱਸਾਂ ਤੋਂ ਲਾਹ ਕੇ ਦਾੜ੍ਹੀਆਂ ਪੱਗਾਂ ਸਾੜ ਕੇ ਕੁੱਟਿਆ ਗਿਆ ।

ਹਿੰਦੂ : (ਨੀਵੀਂ ਪਾਈ ਨਾਂਹ 'ਚ ਸਿਰ ਹਿਲਾਉਂਦਾ) ਨਹੀਂ ।

ਪੰਜਾਬ : (ਸਿਖ ਨੂੰ ਸੰਬੋਧਨ ਕਰਕੇ( ਕੀ ਇਹ ਗੁਰਦੁਆਰੇ ਉਨ੍ਹਾਂ ਨੇ ਲੂਹੇ ਸੀ ਜਿਨ੍ਹਾਂ ਨੂੰ ਬਸੋਂ ਉਤਾਰ ਕੇ ਹਿੰਦੂ ਆਖ ਕੇ ਭੁੰਨ ਦਿਤਾ
ਬੋਲੋ ਮੇਰੇ ਸਿਘ ਪੁੱਤਰ ਜਵਾਬ ਤਾਂ ਦਿਓ ।

ਸਿਖ : (ਨੀਵੀਂ ਪਾ ਕੇ ਨਾਂਹ 'ਚ ਸਿਰ ਹਿਲਾਉਂਦਾ ਹੋਇਆ) ਨਹੀਂ ।

ਸਿਖ ਲੀਡਰ : ਇਹ ਹਿੰਦੂ ਵੱਧ ਗਿਣਤੀ ਨੇ ਅਤੇ ਅਸੀਂ ਘੱਟ ਗਿਣਤੀ ਹਾਂ । ਇਹ ਸਾਡੇ ਤੇ ਰਾਜ ਕਰਦੇ ਹਨ ।

ਪੰਜਾਬ : ਇਹ ਝੂਠ ਹੈ । ਮਜ਼ਬ ਕਦੇ ਰਾਜ ਨਹੀਂ ਕਰਦੇ । ਜਮਾਤਾਂ ਰਾਜ ਕਰਦੀਆਂ ਨੇ । ਅਤੇ ਮਜ਼ਬਾਂ ਨੂੰ ਹੱਥ ਕੰਡਾ ਬਣਾ ਕੇ ਆਪਣੇ ਮਫਾਦ ਲਈ

ਸਿਖ ਲੀਡਰ : ਕਾਂਗਰਸ ਹਿੰਦੂਆਂ ਦੀ ਜਮਾਤ ਏ । ਜ ਸਾਡੇ ਤੇ ਰਾਜ ਕਰਦੀ ਏ ।

ਪੰਜਾਬ : ਇਹ ਵੀ ਝੂਠ ਹੈ । ਕਾਂਗਰਸ ਸਰਮਾਏਦਾਰੀ ਦੀ ਜਮਾਤ ਏ । ਇਸ ਵਿਚ ਹਿੰਦੂ ਵੀ ਨੇ ਸਿਖ ਵੀ ਨੇ ਅਤੇ ਮੁਸਲਮਾਨ ਵੀ ਨੇ ।

ਇਕ ਸਿਖ : ਜਿਹੜੇ ਸਿਖ ਕਾਂਗਰਸੀ ਨੇ ਉਹ ਸਿਖ ਨਹੀਂ ਗਦਾਰ ਹਨ ।

ਪੰਜਾਬ : ਫਿਰ ਜਦੋਂ ਰਾਸ਼ਟਰਪਤੀ ਦੀ ਇਲੈਕਸ਼ਨ ਹੋਈ ਸੀ ਤੁਹਾਡੇ ਲੀਡਰਾਂ ਨੇ ਕਾਂਗਰਸੀ ਸਿਖ ਨੂੰ ਵੋਟਾਂ ਕਿਉਂ ਪਾਈਆਂ ?

ਸਿਖ : ਇਹ ਤਾਂ ਲੀਡਰ ਹੀ ਜਾਨਣ ।

ਪੰਜਾਬ : ਫਿਰ ਤੁਸੀ ਕੀ ਜਾਣਦੇ ਹੋ ? (ਹਿੰਦੂਆਂ ਵੱਲ ਇਸ਼ਾਰਾ ਕਰਕੇ)
ਇਹ ਕੀ ਜਾਣਦੇ ਨੇ ? ਤੁਸੀਂ ਦੋਨੋਂ ਕੀ ਜਾਣਦੇ ਹੋ ? ਸਿਰਫ ਨਫਰਤ ?
ਦੂਜਿਆਂ ਦੇ ਹੱਥਾਂ ਨਾਲ ਪੁਤਲੀਆਂ ਵਾਂਗ ਨੱਚਣਾ ?

ਇਕ ਸਿਖ : ਪਰ ਸਾਡੇ ਨਾਲ ਧੱਕਾ ਹੁੰਦਾ ਹੈ ।

ਇਕ ਹਿੰਦੂ : ਸਾਡੇ ਨਾਲ ਵੀ ਧੱਕਾ ਹੁੰਦਾ ਹੈ ।

ਪੰਜਾਬ : ਹਾਂ ਤੁਹਾਡੇ ਦੋਨਾਂ ਨਾਲ ਹੀ ਧੱਕਾ ਹੁੰਦਾ ਹੈ । ਪੰਜਾਬ ਦੀ ਬਿਜਲੀ ਜੇ ਪੰਜਾਬੋਂ ਬਾਹਰ ਭੇਜੀ ਜਾਂਦੀ ਹੈ ਕਟੌਤੀ ਇਕੱਲੇ ਸਿਖਾਂ ਦੀ ਹੀ ਨਹੀਂ ਹੁੰਦੀ ਹਿੰਦੂਆਂ ਦੇ ਘਰਾਂ 'ਚ ਵੀ ਹਨੇਰਾ ਹੁੰਦਾ ਹੈ । ਮਿਲਾਂ ਫੈਕਟਰੀਆਂ ਅਤੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੀ ਮਿਹਨਤ ਦਾ ਖੂਨ ਪੀਣ ਲੱਗਿਆਂ ਹਿੰਦੂ ਮਾਲਕ ਕਦੇ ਵੀ ਇਹ ਲਿਹਾਜ ਨਹੀਂ ਕਰਦਾ ਕਿ ਕਾਮੇ ਹਿੰਦੂ ਹਨ । ਅਤੇ ਸਿਖ ਮਾਲਕ ਕਦੇ ਵੀ ਇਹ ਲਿਹਾਜ਼ ਨਹੀਂ ਕਰਦਾ ਕਿ ਕਾਮੇ ਸਿਖ ਹਨ ।

ਸਿਖ : ਤੇਰਾ ਮਤਲਬ ਲੁੱਟ ਸਿਖ ਕਰਦੇ ਨੇ ?

ਹਿੰਦੂ : ਕੀ ਤੇਰਾ ਮਤਲਬ ਲੁੱਟ ਹਿੰਦੂ ਕਰਦੇ ਨੇ ?

ਪੰਜਾਬ : ਨਹੀਂ ਨਹੀਂ । ਲੁੱਟ ਸਰਮਾਏਦਾਰ ਕਰਦਾ ਹੈ । ਉਹ ਹਿੰਦੂ ਧਰਮ ਦਾ ਹੁੰਦਾ ਹੈ ਅਤੇ ਸਿਖ ਧਰਮ ਦਾ ਵੀ ਹੁੰਦਾ ਹੈ ।

ਇਕ ਸਿਖ : (ਆਪਣੇ ਲੀਡਰ ਵਲ ਇਸ਼ਾਰਾ ਕਰਕੇ) ਪਰ ਸਾਨੂੰ ਸਾਡੇ ਆਹ ਲੀਡਰ ਕਹਿੰਦੇ ਨੇ ਕਿ ਲੁੱਟ ਹਿੰਦੂ ਕਰਦੇ ਨੇ ।

ਇਕ ਹਿੰਦੂ : (ਆਪਣੇ ਲੀਡਰ ਵੱਲ ਇਸ਼ਾਰਾ ਕਰਕੇ) ਪਰ ਸਾਡੇ ਆਹ ਲੀਡਰ ਕਹਿੰਦੇ ਨੇ ਕਿ ਕਤਲ ਸਿਖ ਕਰਦੇ ਨੇ ।

ਪੰਜਾਬ : ਤੁਹਾਨੂੰ ਪਾੜ ਕੇ ਸਰਮਾਏਦਾਰੀ ਰਾਜ ਕਰਦੀ ਹੈ । ਡੁਗਡੁਗੀ ਵਜਾਉਣ ਵਾਲੇ ਜਮੂਰੇ ਉਸਨੇ ਤੁਹਾਡੇ ਧਰਮਾਂ 'ਚੋਂ ਲੱਭੇ ਨੇ । ਤੁਸੀਂ ਮੂਰਖੋ ਇਸ ਡੁਗਡੁਗੀ ਤੇ ਨੱਚਦੇ ਹੋ ।

ਸਿੱਖ ਲੀਡਰ : ਮੈਂ ਜਮੂਰਾ ਨਹੀਂ। ਮੈਂ ਸਿੱਖ ਧਰਮ ਦਾ ਰਖਵਾਲਾ ਹਾਂ। ਇਸ ਧਰਮ ਨੂੰ ਵਧਾਉਣਾ ਮੇਰਾ ਧਰਮ ਹੈ।

ਹਿੰਦੂ ਲੀਡਰ : ਮੈਂ ਜਮੂਰਾ ਨਹੀਂ। ਹਿੰਦੂ ਧਰਮ ਭਾਰਤ ਦੀ ਸੰਸਕ੍ਰਿਤੀ ਹੈ। ਮੈਂ ਇਸਦਾ ਰਖਵਾਲਾ ਹਾਂ।

ਪੰਜਾਬ : ਕੀ ਤੁਸੀਂ ਦੋਨੋਂ ਧਰਮਾਂ ਦੇ ਰਖਵਾਲੇ ਹੋ ?

ਹਿੰਦੂ ਲੀਡਰ : ਹਾਂ ਹਾਂ ਮੈਂ ਆਪਦੇ ਧਰਮ ਦਾ ਰਖਵਾਲਾ ਹਾਂ।

ਸਿਖ ਲੀਡਰ : ਮੈਂ ਵੀ ਆਪਦੇ ਧਰਮ ਦਾ ਰਖਵਾਲਾ ਹਾਂ।

ਪੰਜਾਬ : (ਹਿੰਦੂ ਲੀਡਰ ਨੂੰ ਸੰਬੋਧਨ ਕਰਕੇ) ਪੰਡਿਤ ਜੀ ਕੀ ਤੁਸੀਂ ਕਿਸੇ ਹਿੰਦੂ ਦੀ ਬੇਇਜ਼ਤੀ ਸਹਿਣ ਨਹੀਂ ਕਰਦੇ।

ਹਿੰਦੂ ਲੀਡਰ : ਸਹੁੰ ਬਜਰੰਗ ਬਲੀ ਦੀ ਬੱਸ 'ਚ ਅਹੁ ਗੋਲੀਆਂ ਪੰਜਾਬ 'ਚ ਨਹੀਂ ਸਾਡੇ ਇਥੇ ਬੈਠਿਆਂ ਦੇ ਲੱਗੀਆਂ ਲੇ।

ਪੰਜਾਬ : (ਸਿੱਖ ਲੀਡਰ ਨੂੰ ਸੰਬੋਧਨ ਕਰਕੇ) ਸਿੰਘ ਸਾਹਿਬ ਕਿਸੇ ਸਿੱਖ ਦੀ ਬੇਇਜ਼ਤੀ ਹੋ ਜਾਵੇ ਕੀ ਤੁਸੀਂ ਸਹਿਣ ਨਹੀਂ ਕਰ ਸਕਦੇ ?

ਸਿਖ ਲੀਡਰ : ਸਹੁੰ ਕਲਗੀਆਂ ਵਾਲੇ ਦੀ ਸਾਡਾ ਤਾਂ ਖੂਨ ਖੋਲ ਪੈਂਦਾ - ਉਬਾਲੇ ਖਾਣ ਲੱਗ ਪੈਂਦਾ। ਸਿੱਖਾਂ ਦੀਆਂ ਪੱਗਾਂ ਅਹੁ ਹਰਿਆਣੇ 'ਚ ਨਹੀਂ ਲੱਥੀਆਂ ਸਾਡੀਆਂ ਇਥੇ ਬੈਠਿਆਂ ਦੀਆਂ ਲੱਥੀਆਂ।

ਪੰਜਾਬ : ਬੜਾ ਜੋਸ਼ ਏ ਤੁਹਾਡੇ ਖੂਨ ਵਿਚ। (ਸਿੱਖ ਲੀਡਰ ਨੂੰ ਸੰਬੋਧਨ ਕਰਕੇ) ਕਿਥੇ ਸੀ ਇਹ ਵਿਖਾਵੇ ਦਾ ਜੋਸ਼ ਜਦੋਂ ਨਸਲਵਾਦੀ ਗੋਰਿਆਂ ਨੇ ਇਕ ਬਜ਼ੁਰਗ ਦੀ ਪੱਗ ਲਾਹੀ ਸੀ। ਹੱਥ 'ਚ ਲਿਬੜੀ ਪੱਗ ਲੈ ਕੇ ਉਹ ਗੁਰੂ ਘਰ ਗਿਆ ਸੀ। ਕੀ ਕੀਤਾ ਸੀ ਤੁਸੀਂ ?

ਖਾਲਸੇ ਦਾ ਜਨਮ ਦਿਨ ਮਨਾ ਕੇ 30 ਹਜ਼ਾਰ ਦਾ ਜਲੂਸ ਤੁਸੀਂ ਫੋਕੀਆਂ ਟਹੁਰਾਂ ਬਣਾਉਣ ਲਈ ਗੋਰਿਆਂ ਨੂੰ ਦਿਖਾ ਸਕਦੇ ਹੋ - ਅਹੁ ਕਲ ਇਕ ਸਟੋਰ ਵਿਚੋਂ ਇਕ ਸਿੱਖ ਦੀ ਪੱਗ ਤੇ ਨਸਲਵਾਦ ਦਾ ਚਿੱਕੜ ਉਛਾਲਿਆ ਤੁਸੀਂ ਤੀਹ ਉਹਦੀ ਮਦਦ ਲਈ ਨਹੀਂ ਜਾ ਸਕੇ।

ਉਏ ਤੁਸੀਂ ਤਾਂ ਮੇਵਾ ਸਿੰਘ ਦੀ ਅਣਖ ਮਿਟੀ 'ਚ ਰੋਲ ਦਿੱਤੀ। (ਖੜੇ ਸਿੱਖਾਂ ਵੱਲ ਇਸ਼ਾਰਾ ਕਰਕੇ) ਤੁਸੀਂ ਕਾਮੇ ਹੋ - ਖੇਤ ਮਜ਼ਦੂਰ ਹੋ। ਤੁਹਾਡੀਆਂ ਧੀਆਂ ਭੈਣਾਂ ਫਾਰਮਾਂ 'ਚ ਕੰਮ ਕਰਦੀਆਂ ਨੇ। ਕਈ ਫਾਰਮਰ ਉਨ੍ਹਾਂ ਨਾਲ ਭੈੜਾ ਸਲੂਕ ਅਤੇ ਗੰਦੇ ਮਖੌਲ ਕਰਦੇ ਨੇ। ਕਈਆਂ ਦੀ ਇਜ਼ਤ ਮਾਲਕ ਦੇ ਪੈਰਾਂ ਹੇਠ ਗੜਗੜਾਂਦੀ ਏ। ਘੱਟ ਤਨਖਾਹਾਂ ਤੋਂ ਵੱਧ ਕੰਮ ਲਿਆ ਜਾਂਦਾ ਹੈ। ਕਾਲ ਕੋਠੜੀਆਂ ਵਰਗੀਆਂ ਕੈਬਨਾਂ 'ਚ ਰਹਿਣ ਲਈ ਮਜਬੂਰ ਕੀਤਾ ਜਾਂਦਾ। ਜਦੋਂ ਇਸ ਧੱਕੇਸ਼ਾਹੀ ਦੀ ਗੱਲ ਹੁੰਦੀ ਹੈ ਤਾਂ ਤੁਹਾਡੀਆਂ ਜ਼ਬਾਨਾਂ ਗੁੰਗੀਆਂ ਹੋ ਜਾਂਦੀਆਂ ਨੇ। ਭਾਈ ਲਾਲੋਆਂ ਦੀ ਇਹ ਗੱਲ ਗੁਰੂ ਨਾਨਕ ਦੇ ਦਰਬਾਰ ਵਿਚ ਨਹੀਂ ਹੋ ਸਕਦੀ।

ਸਿਖ ਲੀਡਰ : ਇਹ ਤਾਂ ਰਾਜਨੀਤੀ ਹੈ। ਧਾਰਮਿਕ ਸਥਾਨ ਸਿਰਫ ਧਰਮ ਲਈ ਹੁੰਦੇ ਨੇ। ਰਾਜਨੀਤੀ ਦੀਆਂ ਗੱਲਾਂ ਲਈ ਨਹੀਂ।

ਪੰਜਾਬ : ਗੱਲ ਤਾਂ ਰਾਜਨੀਤੀ ਦੀ ਹੈ ਨਾ ਧਰਮ ਦੀ। ਗੱਲ ਹੈ ਝੂਠੀਆਂ ਚੌਧਰਾਂ ਦੀ। ਪੰਜਾਬ ਵਿਚ ਜਦੋਂ ਜੱਥੇ ਅਤੇ ਪੈਸੇ ਭੇਜੇ ਜਾਂਦੇ ਹਨ ਉਦੋਂ ਰਾਜਨੀਤੀ ਨਹੀਂ ਹੁੰਦੀ। ਜਦੋਂ ਇਥੇ ਦੀ ਸਰਕਾਰ ਘੱਟ ਗਿਣਤੀਆਂ ਦੇ ਲੋਕਾਂ ਦੇ ਹੱਕ ਖਤਮ ਕਰਦੀ ਹੈ - ਮਨੁਖੀ ਅਧਿਕਾਰਾਂ ਦਾ ਖਾਤਮਾ ਕਰਦੀ ਹੈ ਤੁਹਾਡੇ ਸਿਰ ਤੇ ਜੂੰ ਨਹੀਂ ਸਰਕਦੀ - ਇਹ ਗੱਲ ਨੂੰ ਰਾਜਨੀਤੀ ਆਖਕੇ ਤੁਸੀਂ ਅੱਖਾਂ ਮੀਟ ਲੈਂਦੇ ਹੋ। ਇੰਡੀਆ ਤੋਂ ਆਇਆ ਇਕ ਕਾਂਗਰਸੀ ਇਨ੍ਹਾਂ ਧਾਰਮਿਕ ਸਥਾਨਾਂ 'ਚ ਬੋਲ ਸਕਦਾ ਹੈ - ਸਿਰੋਪਾ ਲੈ ਸਕਦਾ ਹੈ ਕਿਉਂ ਕਿ ਕਾਬਜ਼ ਧੜਾ ਕਾਂਗਰਸੀ ਹੈ। ਦੇਸੋਂ ਆਇਆ ਇਕ ਜਗੀਰਦਾਰ ਅਕਾਲੀ ਉਥੇ ਬੋਲ ਸਕਦਾ ਹੈ। ਸਿਰੋਪਾ ਲੈ ਸਕਦਾ ਹੈ ਕਿਉਂ ਕਿ ਕਾਬਜ਼ ਧੜਾ ਅਕਾਲੀ ਹੈ। ਉਦੋਂ ਇਹ ਰਾਜਨੀਤੀ ਨਹੀਂ ਹੁੰਦੀ ? ਬੋਲੋ ਬੋਲੋ ਹੈ ਕੋਈ ਜਵਾਬ ?

(ਸਿੱਖ ਲੀਡਰ ਨੀਵੀਂ ਪਾ ਕੇ ਖੜਾ ਰਹਿੰਦਾ ਹੈ। ਕੋਈ ਜਵਾਬ ਨਾ ਮਿਲਣ ਤੇ ਪੰਜਾਬ, ਹਿੰਦੂ ਲੀਡਰ ਵੱਲ ਮੁੜਦਾ ਹੈ। ਸਿੱਖ ਲੀਡਰ ਚਲਾਕੀ ਨਾਲ ਸਾਰਿਆਂ ਤੋਂ ਅੱਖ ਬਚਾ ਕੇ ਸਟੇਜ ਤੋਂ ਖਿਸਕ ਜਾਂਦਾ ਹੈ)

ਹਿੰਦੂ ਲੀਡਰ ਨੂੰ — ਪੰਡਤ ਜੀ ਤੁਸੀਂ ਸ਼ੇਰਾਂ ਵਾਲੀ ਦੀ ਤ੍ਰਿਸ਼ੂਲ ਨੂੰ ਜ਼ਹਿਰ ਦੀ ਪਾਣ ਦੇ ਕੇ ਲੋਕਾਂ ਨੂੰ ਭੜਕਾ ਕੇ ਫੜਾ ਸਕਦੇ ਹੋ। ਹਿੰਦੂ ਰਾਸ਼ਟਰ ਦਾ ਨਾਹਰਾ ਲਾ ਸਕਦੇ ਹੋ। ਹਿੰਦੂ ਸੁਰੱਖਿਆ ਦਲ ਦੇ ਗੁੰਡਿਆਂ ਦੀ ਵਡਿਆਈ ਕਰ ਸਕਦੇ ਹੋ। ਜਦੋਂ ਸਾੜ੍ਹੀ ਪਹਿਨੀ ਬੱਸ ਉਡੀਕਦੀ ਇਕ ਹਿੰਦੂ ਔਰਤ ਨੂੰ ਨਸਲਵਾਦੀ ਗੋਰੇ ਗੰਦੀਆਂ ਗਾਲ੍ਹਾਂ ਕੱਢਦੇ ਨੇ - ਗੰਦੇ ਮਖੌਲ ਕਰਦੇ ਨੇ - ਇਜ਼ਤ ਨੂੰ ਹੱਥ ਪਾਉਂਦੇ ਨੇ ਉਦੋਂ ਤੁਹਾਡੀ ਜ਼ਬਾਨ ਵਿਚੋਂ ਇਕ ਹਾਅ ਦਾ ਨਾਹਰਾ ਨਹੀਂ ਨਿਕਲਦਾ। ਹਿੰਦੂਆਂ ਦਾ ਸ਼ਿਵਰਾਤਰੀ ਤੇ ਐਲਾਨੀਆਂ ਜਲੂਸ ਕਢਵਾ ਸਕਦੇ ਹੋ - ਫਾਰਮਾਂ 'ਚ ਹੁੰਦੀ ਹਿੰਦੂਆਂ ਦੀ ਲੁੱਟ - ਹਿੰਦੂਆਂ ਦੇ ਘਰਾਂ ਦੇ ਟੁੱਟਦੇ ਸ਼ੀਸ਼ੇ ਉਹ ਤੁਹਾਨੂੰ ਨਜ਼ਰ ਨਹੀਂ ਆਉਂਦੇ। ਉਏ ਤੁਸੀਂ ਤਾਂ ਲਾਲਾ ਹਰਦਿਆਲ ਦੀ ਮਿਟੀ ਪਲੀਤ ਕਰ ਦਿਤੀ।

(ਏਨੀਆਂ ਗੱਲਾਂ ਸੁਣ ਕੇ ਪੰਡਤ ਰਾਮ ਰਾਮ ਕਰਦਾ ਸਟੇਜ ਤੋਂ ਦੌੜ ਜਾਂਦਾ ਹੈ ਸਾਰੇ ਉਸ ਵੱਲ ਦੇਖਦੇ ਹਨ)

ਇਕ ਹਿੰਦੂ : ਲਓ ਲੈ ਲੋ ਸਾਡਾ ਤਾਂ ਲੀਡਰ ਹੀ ਦੌੜ ਗਿਆ।

(ਸਿੱਖ ਆਲੇ ਦੁਆਲੇ ਦੇਖਦੇ ਹਨ)

ਇਕ ਸਿੱਖ : (ਆਲੇ ਦੁਆਲੇ ਦੇਖਦਾ) ਸਾਡਾ ਲੀਡਰ ਵੀ ਖਿਸਕ ਗਿਆ।

ਪੰਜਾਬ : ਖਿਸਕਣਾ ਹੀ ਸੀ। ਝੂਠ ਦੇ ਪੈਰ ਨਹੀਂ ਹੁੰਦੇ। ਸੱਚ ਅੱਗੇ ਝੂਠ ਖੜ੍ਹ ਨਹੀਂ ਸਕਦਾ। ਹੱਕਾਂ ਲਈ ਲੜਨ ਲਈ ਮੇਰੇ ਬੱਚਿਓ ਏਕਾ ਰੱਖੋ। ਇਸ ਏਕੇ ਨਾਲ ਤੁਸੀਂ ਹਰ ਹੁਕਮਰਾਨ ਸਰਕਾਰ ਕੋਲੋਂ ਆਪਣੇ ਹੱਕ ਖੋਹ ਸਕਦੇ ਹੋ। ਗੱਲ ਭਾਵੇਂ ਦਿੱਲੀ ਦੀ ਲੁਟੇਰੀ ਹੁਕਮਰਾਨ ਸਰਕਾਰ ਦੀ ਹੈ ਜਾਂ ਜਿਥੇ ਤੁਸੀਂ ਰਹਿੰਦੇ ਹੋ। ਸੱਭ ਤੋਂ ਵੱਡਾ ਹਥਿਆਰ ਹੈ ਏਕਾ। ਇਹੀ ਮੇਰੀ ਆਵਾਜ਼ ਹੈ। ਇਹੀ ਸੱਚ ਦੀ ਆਵਾਜ਼ ਹੈ।

(ਫਿਰ ਪੰਜਾਬ ਬੋਲਦਾ ਹੈ)

ਹਿੰਦੂ ਨਾ ਵੈਰੀ ਸਿੱਖ ਨਾ ਦੁਸ਼ਮਣ ਮੁਸਲਮਾਨ ਬੇਗਾਨਾ ਨਾ
ਤਿੰਨਾਂ ਦੀ ਹੀ ਮਾਂ ਕਿਰਤ ਹੈ ਗੂੜ੍ਹੇ ਨਾਤੇ ਪਿਆਰਾਂ ਦੇ।
ਏਸ ਕਿਰਤ ਨੂੰ ਜੋ ਵੀ ਲੁੱਟਦਾ, ਲੁਟਦਾ ਬਸ ਵੰਡੀਆਂ ਪਾ ਕੇ।
ਧਰਮਾਂ ਦੀਆਂ ਵੰਡੀਆਂ ਲੁੱਟ ਦੀਆਂ ਮੰਡੀਆਂ, ਦੇਖੋ ਕਾਰੇ ਸਰਕਾਰਾਂ ਦੇ।
ਉਠੋ ਜਾਗੋ ਸੁੱਤੇ ਕਿਰਤੀਓ, ਲੋੜ ਵੇਲੇ ਨੂੰ ਸਮਝਣ ਦੀ।
ਆਪਸ ਦੇ ਵਿਚ ਲੜ ਭਿੜਕੇ, ਨਾ ਚੜ੍ਹੋ ਹੱਥ ਗਦਾਰਾਂ ਦੇ।

(ਹੱਥਾਂ ਚੋਂ ਡਾਗਾਂ ਸੁਟਦੇ ਹਿੰਦੂ ਸਿੱਖ ਸਾਰੇ ਇਕੱਠੇ ਹੋ ਕੇ ਹਿੰਦੂ ਸਿੱਖ ਏਕਤਾ — ਜ਼ਿੰਦਾਬਾਦ ਦਾ ਨਾਹਰਾ ਲਾਉਂਦੇ ਹਨ। ਅਤੇ ਪੰਜਾਬ ਦੇ ਦੋਨੋਂ ਪਾਸੇ ਚਿੰਬੜ ਜਾਂਦੇ ਹਨ)

ਪਰਦਾ ਡਿੱਗਦਾ ਹੈ।

---

(ਇਹ ਨਾਟਕ 11 ਮਾਰਚ ਨੂੰ ਵੈਨਕੂਵਰ, 7 ਅਪਰੈਲ ਨੂੰ ਕੁਨੈਲ (QUESNEL, B.C.), 8 ਅਪਰੈਲ ਨੂੰ ਵਿਲੀਅਮਜ਼ ਲੇਕ (WILLIAMS LAKE, B.C.) ਵਿਚ B.C.O.F.R. (ਨਸਲਵਾਦ ਵਿਰੁੱਧ ਬੀ.ਸੀ. ਦੀ ਸੰਘਰਸ਼ ਕਮੇਟੀ) ਦੇ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਅਤੇ ਹੋਰਨਾਂ ਥਾਵਾਂ 'ਤੇ ਸਫ਼ਲਤਾ-ਪੂਰਵਕ ਖੇਡਿਆ ਗਿਆ। ਇਸ ਨਾਟਕ ਵਿਚ ਮੁਖ ਭੂਮਿਕਾ 'ਪੰਜਾਬ' ਦੇ ਰੋਲ ਵਿਚ ਮੱਖਣ ਟੁੱਟ', ਜਨੂੰਨੀ 'ਸਿੱਖਾਂ' ਦੇ ਰੋਲ ਵਿਚ ਇੰਦਰਜੀਤ ਰੋਡੇ ਅਤੇ ਸੁਖਵੰਤ ਹੁੰਦਲ, ਜਨੂੰਨੀ ਹਿੰਦੂਆਂ ਦੇ ਰੋਲ ਵਿਚ ਗੁਰਚਰਨ ਟੱਲੇਵਾਲੀਆ ਅਤੇ ਬਲਵਿੰਦਰ ਰੋਡੇ ਨੇ ਨਿਭਾਈ। ਵੈਨਕੂਵਰ ਸੱਥ ਦੇ ਕਲਾਕਾਰਾਂ ਵੱਲੋਂ ਅਜੇਹੇ ਪ੍ਰੋਗਰਾਮ ਬਾਕੀ ਸ਼ਹਿਰਾਂ ਦੇ ਕਲਾਕਾਰਾਂ ਲਈ ਪ੍ਰੇਰਣਾ-ਸ੍ਰੋਤ ਹਨ। — ਅਦਾਰਾ)

---

# ਪੰਜਾਬ ਦਾ ਦੁਖਾਂਤ

ਪਿਛਲੇ ਦੋ ਸਾਲਾਂ ਤੋਂ ਪੰਜਾਬ ਜਿਨ੍ਹਾਂ ਖ਼ੂਨੀ ਹਾਲਾਤਾਂ ਦਾ ਅੱਡਾ ਬਣਿਆ ਰਿਹਾ ਹੈ, ਉਹ ਦੁਖਾਂਤ ਜੂਨ 1984 ਵਿਚ ਸਿਖਰ 'ਤੇ ਪੁਜ ਗਿਆ। ਜਿਸ ਭਿਆਨਕ ਹੋਣੀ ਦਾ ਡਰ ਸੀ, ਆਖ਼ਰ ਵਾਪਰ ਕੇ ਰਹੀ। ਬਹੁਤ ਸਾਰੇ ਬੇਗੁਨਾਹ ਲੋਕਾਂ ਦਾ ਜੋ ਬੇਪਨਾਹ ਖ਼ੂਨ ਡੁਲ੍ਹਿਆ ਹੈ, ਅਸੀਂ ਉਨ੍ਹਾਂ ਦੇ ਪ੍ਰਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦੇ ਹਾਂ। ਪਰ ਇਹ ਪਲ ਲੋਕ-ਰੋਹ ਦੇ ਹਾਲਾਤ ਵਿਸ਼ਾ ਵਿਚ ਰੁੜ੍ਹ ਜਾਣ ਦੇ ਨਹੀਂ, ਸਗੋਂ ਸੰਜੀਦਗੀ ਨਾਲ ਸੋਚਣ ਵਾਲੇ ਪਲ ਹਨ ਕਿ ਆਖ਼ਰ ਇਸ ਖ਼ੂਨੀ ਸਾਕੇ ਦਾ ਜ਼ਿੰਮੇਵਾਰ ਕੌਣ ਹੈ? ਅਸੀਂ ਮਹਿਸੂਸ ਕਰਦੇ ਹਾਂ ਕਿ ਇਸ ਕਤਲੇਆਮ ਲਈ ਤਿੰਨ ਮੁੱਖ ਜ਼ਿੰਮੇਵਾਰ ਹਨ : ਹਿੰਦੁਸਤਾਨ ਦੀ ਕੇਂਦਰੀ ਸਰਕਾਰ, ਵਿਰੋਧੀ ਪਾਰਟੀਆਂ, ਫਿਰਕੂ ਜਨੂੰਨੀ।

ਹਿੰਦੁਸਤਾਨ ਦੀ ਕੇਂਦਰੀ ਸਰਕਾਰ ਜ਼ਿੰਮੇਵਾਰ ਹੈ ਜਿਸਨੇ :

1 ਰਾਜਸੱਤਾ ਨੂੰ ਚਿੰਬੜੇ ਰਹਿਣ ਲਈ ਪਹਿਲਾਂ ਪੰਜਾਬ ਦੇ ਮਸਲੇ ਨੂੰ ਸ਼ਾਂਤਮਈ ਮਾਹੌਲ ਵਿਚ ਨਜਿੱਠਣ ਤੋਂ ਟਾਲ-ਮ-ਟੋਲ ਕੀਤੀ।

2 ਹਾਲਾਤ ਕਾਬੂ ਤੋਂ ਬਾਹਰ ਹੋਣ ਲਈ ਫਿਰਕੂ ਜਨੂੰਨ ਦੀ ਮੱਦਦ ਕੀਤੀ - ਪਹਿਲਾਂ ਵੀ ਪੰਜਾਬ ਦੇ ਹਿੰਦੂਆਂ ਨੂੰ ਗੁਮਰਾਹ ਕਰਕੇ ਉਨ੍ਹਾਂ ਨੂੰ ਪੰਜਾਬੀ ਨੂੰ ਮਾਂ-ਬੋਲੀ ਸਵੀਕਾਰ ਕਰਨ ਤੋਂ ਮੁਕਰਾ ਕੇ ਫਿਰਕਾਪ੍ਰਸਤੀ ਦੇ ਬੀਜ ਬੀਜੇ- ਸੱਚਾਈ ਨੂੰ ਜਾਣਦਿਆਂ ਹੋਇਆਂ ਵੀ ਮਰਦਮ ਸ਼ੁਮਾਰੀ ਦੇ ਗਲਤ ਅੰਕੜਿਆਂ ਨੂੰ ਸਹੀ ਮੰਨਿਆ।

3 ਰਾਜ ਸਰਕਾਰਾਂ ਨੂੰ ਫਿਰਕਾਪ੍ਰਸਤ ਸਰਗਰਮੀਆਂ ਦੀ ਖੁੱਲ੍ਹ ਦੇ ਕੇ ਅਨੇਕਾਂ ਹਿੰਦੂ-ਸਿੱਖਾਂ ਦੀ ਬੇਪਤੀ ਕਰਵਾਈ ਅਤੇ ਅਖੌਤੀ ਧਰਮ ਨਿਰਪੱਖਤਾ ਦੀਆਂ ਧੱਜੀਆਂ ਉਡਾਈਆਂ।

4 ਅੰਤ ਵਿਚ ਇਕ ਧਿਰ ਦੇ ਮੁੱਠੀ ਭਰ ਫਿਰਕਾਪ੍ਰਸਤ ਆਗੂਆਂ ਨੂੰ ਮਾਰਨ ਜਾਂ ਗ੍ਰਿਫ਼ਤਾਰ ਕਰਨ ਲਈ ਸੈਂਕੜੇ ਬੇਗੁਨਾਹ ਲੋਕਾਂ ਦਾ ਖ਼ੂਨ ਕੀਤਾ/ ਕਰਵਾਇਆ।

5 ਧਾਰਮਕ ਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਵਿਚ ਫਿਰਕੂ ਜਨੂੰਨੀਆਂ ਤੋਂ ਵੀ ਸੌ ਕਦਮ ਅੱਗੇ ਜਾ ਕੇ ਲੋਕਾਂ ਦੀਆਂ ਭਾਵਨਾਵਾਂ ਦਾ ਮਖੌਲ ਉਡਾਇਆ।

ਦੂਜੇ ਥਾਂ ਉੱਤੇ ਹਿੰਦੁਸਤਾਨ ਦੀਆਂ ਪਿਛਾਂਹਖਿੱਚੂ ਵਿਰੋਧੀ ਪਾਰਟੀਆਂ ਜ਼ਿੰਮੇਵਾਰ ਹਨ :

1 ਜਿਹੜੀਆਂ ਪਹਿਲਾਂ ਚੁੱਪ ਚਾਪ ਸਭ ਦੇ ਮੂੰਹ ਵੱਲ ਵੇਖਦੀਆਂ ਰਹੀਆਂ ਅਤੇ ਹੁਣ ਮਗਰਮੱਛੀ ਹੰਝੂ ਵਹਾਉਣ ਵਾਂਗ ਕੋਈ ਸਰਕਾਰ ਦੇ ਹੱਕ ਵਿਚ ਅਤੇ ਕੋਈ ਵਿਰੁੱਧ, ਬਿਆਨ ਦਾਗ ਰਹੀਆਂ ਹਨ।

2 ਅਸੀਂ ਅਕਾਲੀ ਪਾਰਟੀ ਨੂੰ ਵੀ ਇਨ੍ਹਾਂ ਵਿਰੋਧੀ ਪਾਰਟੀਆਂ ਵਿਚ ਹੀ ਸ਼ਾਮਲ ਸਮਝਦੇ ਹਾਂ ਜਿਸਨੇ ਪੰਜਾਬ ਵਿਚ ਆਪਣੇ ਰਾਜ ਸਮੇਂ ਤਾਂ ਇਨ੍ਹਾਂ ਮੰਗਾਂ ਬਾਰੇ ਚੁੱਪ ਵੱਟੀ ਰੱਖੀ, ਬਾਅਦ ਵਿਚ ਮੁੜ ਆਪਣੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਅਖੌਤੀ ਧਰਮ-ਯੁੱਧ ਦੀ ਭੱਠੀ ਵਿਚ ਝੋਕ ਦਿੱਤਾ ਅਤੇ ਆਪ ਸੁਰੱਖਿਅਤ ਬੈਠੇ ਤਮਾਸ਼ਾ ਵੇਖਦੇ ਰਹੇ।

ਤੀਜੇ ਨੰਬਰ ਉੱਤੇ ਇਸ ਸਥਿਤੀ ਦੇ ਜ਼ਿੰਮੇਵਾਰ ਫਿਰਕੂ ਜਨੂੰਨੀ ਹਨ :

1 ਫਿਰਕੂ ਜਨੂੰਨ ਦਾ ਦੌਰ ਹਿੰਦੂਆਂ ਦੇ ਕਤਲਾਂ ਅਤੇ ਮੰਦਰਾਂ ਵਿਚ ਗਊਆਂ ਦੇ ਸਿਰ ਵੱਢ ਕੇ ਸੁੱਟੇ ਜਾਣ ਨਾਲ ਸਿਖ਼ਰ ਉਤੇ ਪੁਜ ਗਿਆ - ਬਦਲੇ ਵਿਚ ਸਿੱਖਾਂ ਦੇ ਦਾਹੜੀ ਕੇਸ ਕੱਟੇ ਗਏ ਅਤੇ ਗੁਰਦੁਆਰਿਆਂ ਵਿਚ ਸਿਗਰਟਾਂ ਸੁੱਟੀਆਂ ਗਈਆਂ। ਇਨ੍ਹਾਂ ਸਰਗਰਮੀਆਂ ਵਿਚ ਕੇਂਦਰੀ ਸਰਕਾਰ ਅਤੇ ਬਦੇਸ਼ੀ ਤਾਕਤਾਂ ਦੇ ਹੱਥ ਹੋਣ ਦਾ ਵੀ ਯਕੀਨ ਵਰਗਾ ਸ਼ੱਕ ਹੈ।

2 ਫਿਰਕੂ ਜਨੂੰਨ ਦੇ ਦੂਜੇ ਦੌਰ ਵਿਚ "ਐਨੇ ਹਿੰਦੂ ਜਾਂ ਐਨੇ ਸਿੱਖ ਮਾਰੇ ਜਾਣ ਦੇ ਨਾਅਰੇ", ਫਿਰਕੂ ਜਨੂੰਨ ਦਾ ਵਿਰੋਧ ਕਰਨ ਵਾਲੇ ਅਤੇ ਹਿੰਦੂ-ਸਿੱਖ ਏਕਤਾ, ਪੰਜਾਬ- ਪੰਜਾਬੀ- ਪੰਜਾਬੀਅਤ ਦੇ ਹਾਮੀ ਸੰਪਾਦਕਾਂ/ ਲੇਖਕਾਂ/ਬੁਧੀਜੀਵੀਆਂ ਦੇ ਕਤਲ/ ਮਾਰ-ਕੁਟਾਪਾ/ ਧਮਕੀਆਂ ਸ਼ਾਮਲ ਹਨ।

3 ਪੰਜਾਬ ਦੀਆਂ ਮੰਗਾਂ ਨੂੰ ਸਿੱਖ-ਧਰਮ-ਯੁੱਧ ਕਹਿਣ ਨਾਲ ਅਤੇ ਸਗੋਂ ਵਿੰਗੇ ਟੇਢੇ ਢੰਗ ਨਾਲ ਇਸ ਵਿਚ ਖ਼ਾਲਿਸਤਾਨ ਦੀ ਮੰਗ ਸ਼ਾਮਲ ਕੀਤੇ ਜਾਣ ਨਾਲ (ਭਾਵੇਂ ਜ਼ੁਬਾਨੀ ਕਲਾਮੀ ਹੀ ਸਹੀ) ਸਥਿਤੀ ਦਾ ਮੁਹਾਂਦਰਾ ਫਿਰਕੂ ਜਨੂੰਨੀ ਬਣਨ/ ਬਣਾਉਣ ਦੀ ਰਹਿੰਦੀ ਖੂੰਹਦੀ ਕਸਰ ਵੀ ਪੂਰੀ ਹੋ ਗਈ।

ਜੇ ਇਹ ਸਾਰੀਆਂ ਸ਼ਕਤੀਆਂ ਇਨ੍ਹਾਂ ਸਮੱਸਿਆਵਾਂ ਅਤੇ ਆਮ ਲੋਕਾਂ ਪ੍ਰਤੀ ਸੁਹਿਰਦ ਹੁੰਦੀਆਂ ਤਾਂ ਜਮਹੂਰੀ ਕਦਰਾਂ ਕੀਮਤਾਂ ਵਾਲੇ ਸ਼ਾਂਤਮਈ ਮਾਹੌਲ ਵਿਚ ਸਭ ਕੁਝ ਨਜਿੱਠਿਆ ਜਾ ਸਕਦਾ ਸੀ ਪਰ ਇਨ੍ਹਾਂ ਸਾਰਿਆਂ ਦੀ ਅੱਖ ਤਾਂ ਆਪਣਾ ਉੱਲੂ ਸਿੱਧਾ ਕਰਨ (ਭਾਵ ਗੱਦੀਆਂ ਨੂੰ ਚਿੰਬੜੇ ਰਹਿਣ ਜਾਂ ਗੱਦੀਆਂ ਹਥਿਆਉਣ) ਤੱਕ ਹੀ ਸੀਮਤ ਹੈ।

ਇਉਂ "ਸਰਕਾਰ - ਵਿਰੋਧੀ ਪਾਰਟੀਆਂ- ਫਿਰਕੂ ਜਨੂੰਨ" ਦੀ ਤਿਕੋਣ ਦੇ ਘੇਰੇ ਵਿਚ ਫਸ ਕੇ/ ਫਸਾ ਕੇ ਆਮ ਲੋਕ ਮਾਰੇ ਜਾਂ ਮਰਵਾਏ ਗਏ ਹਨ। ਉੱਨੀ ਇੱਕੀ ਦੇ ਫਰਕ ਨਾਲ ਇਨ੍ਹਾਂ ਤਿੰਨਾਂ ਦਾ ਰੋਲ ਇਕੋ ਜਿਹਾ ਲੋਕ- ਵਿਰੋਧੀ ਹੈ। ਏਨੇ ਲੋਕਾਂ ਦਾ ਅਜਾਈਂ ਖ਼ੂਨ ਵਹਾਉਣ ਲਈ ਇਤਿਹਾਸ ਏਸ ਤਿੱਕੜੀ ਨੂੰ ਕਦੇ ਮੁਆਫ਼ ਨਹੀਂ ਕਰੇਗਾ।

# HIMALAYA RESTAURANT LTD.

6595 Main Street — Phone: 324-6514

2313 Main Street, (LICENSED PREMISES) — Phone: 876-2911

VANCOUVER, B.C.


KEWAL SINGH PABLA

## PABLA'S VIKING INN

**828 East Hastings**

**Call 324 - 6514**


JAGMOHAN SINGH PABLA

**Mesu, Patisa, Besan, Barfi, Gajarpack, Laddo, Padha, Gulab Jamun, Rasgoole, Badana, Jalebi, Amratiyan, Shakerpare, Namkeen Bhujiya and many many more.**

## ਮਠਿਆਈ ਦੀ ਮਸ਼ਹੂਰ ਦੂਕਾਨ

---

**FOR ALL YOUR REAL ESTATE NEEDS**
**Residential - Commercial - Investments**
**CONTACT: AMRIK SULL**
**PH. BUS: 585-2211**
**PH. RES: 581-6692**
**PAGER: 3748-687-7711**

ਹਰ ਪ੍ਰਕਾਰ ਦੀ ਜਾਇਦਾਦ
ਖਰੀਦਣ ਜਾਂ ਵੇਚਣ ਲਈ
ਅਮਰੀਕ ਸੱਲ
ਨੂੰ ਮਿਲੋ !


AMRIK SULL

Century 21®

**10667 - 135 ST., SURREY, B.C.**

---

# KESri
**SWEETS & RESTAURANT LTD.**

*Retailer & Wholesaler*

*We Cater for Weddings & Parties*

1424 GERRARD ST. EAST
TORONTO, ONT. M4L 1Z6
Tel. 466-0173

# ਆਸਾਮ

(ਪਿਛਲੇ ਸਮੇਂ ਵਿਚ ਆਸਾਮ ਵਿਚ ਹੋਈਆਂ ਘਟਨਾਵਾਂ ਦੀ ਵਿਆਖਿਆ ਕਰਨ ਲਈ ਸ੍ਰੀਮਤੀ ਇੰਦਰਾ ਗਾਂਧੀ ਨੇ ਅਰਬ ਦੇਸ਼ਾਂ ਵਿਚ ਆਪਣੇ ਦੂਤ ਭੇਜੇ ਅਤੇ ਮੁਲਾਕਾਤਾਂ ਰਾਹੀਂ ਸਪਸ਼ਟੀਕਰਨ ਦਿੱਤੇ। ਹੇਠਾਂ ਅਸੀਂ ਅਰਬ ਨਿਊਜ਼ ਦੇ ਮੁੱਖ ਸੰਪਾਦਕ ਫਾਰੂਕ ਲੁਕਮੈਨ ਨਾਲ ਇੰਦਰਾ ਗਾਂਧੀ ਦੀ ਹੋਈ ਭੇਂਟ ਵਾਰਤਾ ਵਿਚੋਂ ਕੁਝ ਅੰਸ਼ ਦੇ ਰਹੇ ਹਾਂ ਅਤੇ ਨਾਲ ਹੀ ਇੱਕ ਸ਼ਹਿਰੀ ਦੀਆਂ ਟਿੱਪਣੀਆਂ ਵੀ। ਇਹ ਮੁਲਾਕਾਤ ਪਿਛਲੇ ਸਾਲ ਜੂਨ ਵਿਚ ਕੀਤੀ ਗਈ ਸੀ। ਭਾਵੇਂ ਇਹ ਮੁਲਾਕਾਤ ਇਕ ਸਾਲ ਪੁਰਾਣੀ ਹੈ, ਪਰ ਇਸ ਦੀ ਅਹਿਮੀਅਤ ਅੱਜ ਵੀ ਉਨੀ ਹੀ ਹੈ। — ਅਨੁਵਾਦਕ ਵੱਲੋਂ ਟਿੱਪਣੀ)

**ਲੁਕਮੈਨ** : ਆਸਾਮ ਵਿਚ ਆਮ ਕਤਲੇਆਮ ਦੇ ਫਲਸਰੂਪ ਤੁਹਾਡੇ ਉਪਰ ਬਹੁਤ ਦਬਾ ਪਿਆ ਹੋਵੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਤੁਸੀਂ ਚੋਣਾਂ ਦਾ ਐਲਾਨ ਕਰਕੇ ਘਟਨਾਵਾਂ ਨੂੰ ਸੱਦਾ ਦਿੱਤਾ ਹੈ, ਜਦੋਂ ਕਿ ਉਥੋਂ ਦੇ ਹਾਲਾਤ ਸਾਵੇਂ ਨਹੀਂ ਸਨ। ਕੀ ਇਹ ਸੱਚ ਹੈ ?

**ਇੰਦਰਾ ਗਾਂਧੀ** : ਤੁਹਾਡਾ 'ਉਨ੍ਹਾਂ' ਤੋਂ ਕੀ ਭਾਵ ਹੈ ? ਜੇ ਤੁਹਾਡਾ ਮਤਲਬ ਵਿਰੋਧੀਆਂ ਤੋਂ ਹੈ ਤਾਂ ਉਨ੍ਹਾਂ ਨੇ ਹਮੇਸ਼ਾ ਹੀ ਹਰ ਗੱਲ ਲਈ ਮੈਨੂੰ ਦੋਸ਼ੀ ਠਹਿਰਾਇਆ ਹੈ। ਜੇ ਮੀਂਹ ਨਹੀਂ ਪੈਂਦਾ ਤਾਂ ਮੇਰਾ ਕਸੂਰ ਹੈ, ਜੇ ਪੈਂਦਾ ਹੈ ਤਾਂ ਵੀ ਮੇਰਾ।

**ਟਿੱਪਣੀ** : ਸ੍ਰੀ ਮਤੀ ਇੰਦਰਾ ਗਾਂਧੀ ਜੋ ਭਾਰਤ ਦੀ ਪ੍ਰਧਾਨ-ਮੰਤਰੀ ਹੈ, ਮੀਂਹ ਪਵਾਉਣ ਜਾਂ ਨਾ ਪਵਾਉਣ ਦੀ ਕੋਈ ਤਾਕਤ ਨਹੀਂ ਰੱਖਦੀ (ਸ਼ੁਕਰ ਰੱਬ ਦਾ) ਉਸ ਦੇ ਰਾਜ ਅਧੀਨ ਜੋ ਵਾਪਰਦਾ ਹੈ ਉਸ ਲਈ ਉਹ ਪੂਰੀ ਜ਼ਿੰਮੇਵਾਰ ਹੈ। ਕੀ ਇਹ ਸੱਚ ਨਹੀਂ ਕਿ ਜਦੋਂ ਮੀਂਹ ਨਹੀਂ ਪੈਂਦਾ ਤਾਂ ਸ੍ਰੀ ਮਤੀ ਗਾਂਧੀ ਵਿਦੇਸ਼ੀ ਹੱਥ ਜਾਂ ਰਾਸ਼ਟਰੀਆ ਸੇਵਕ ਸੰਘ (ਆਰ.ਐਸ.ਐਸ.) ਨੂੰ ਦੋਸ਼ੀ ਠਹਿਰਾਉਂਦੇ ਹਨ। ਫੇਰ ਜੇ ਮੀਂਹ ਪੈਂਦਾ ਹੈ ਤਾਂ ਇਸ ਵਿਚ ਵਿਦੇਸ਼ੀ ਹੱਥ; ਤੇ ਜੇ ਇਹ ਨਹੀਂ ਤਾਂ ਇਹ ਆਰ.ਐਸ.ਐਸ. ਜਾਂ ਵਿਰੋਧੀ।

**ਸ੍ਰੀ ਮਤੀ ਗਾਂਧੀ** : (ਜਾਰੀ ਰੱਖਦੇ ਹੋਏ)... ਆਸਾਮੀਆਂ ਦੀ ਸਮੱਸਿਆ ਸਹੀ ਹੈ; ਕੁਝ ਲੋਕ ਬਾਹਰੋਂ ਆਏ ਹਨ .... ਜਦੋਂ ਬੰਗਲਾ ਦੇਸ਼ ਬਣਿਆ ਤਾਂ ਕੁਝ ਇਕਰਾਰਨਾਮੇ ਹੋਏ ਸਨ .... ਜੰਤਾ ਪਾਰਟੀ ਦੇ ਟੁੱਟਣ 'ਤੇ ਵਿਦਿਆਰਥੀਆਂ (ਆਸਾਮ ਵਿਚ) ਇਸ ਗੱਲ ਨੂੰ ਚੁੱਕ ਲਿਆ।

**ਟਿੱਪਣੀ** : ਜੇ ਆਸਾਮੀਆਂ ਦੀ ਸਮੱਸਿਆ ਅਸਲੀ ਹੈ ਤਾਂ ਅਜਿਹਾ ਕਿਉਂ ਹੁੰਦਾ ਹੈ ਕਿ ਜਦੋਂ ਵੀ ਉਨ੍ਹਾਂ ਦੇ ਨੇਤਾ ਕਿਸੇ ਸਮਝੌਤੇ ਦੇ ਨੇੜੇ ਪਹੁੰਚਦੇ ਹਨ ਤਾਂ ਭਾਰਤ ਸਰਕਾਰ ਸਮਝੌਤੇ ਵਿਚ ਦੇਰੀ ਕਰਦੀ ਹੈ। ਵਿਦਿਆਰਥੀ ਨੇਤਾ ਜਦੋਂ ਵਾਪਸ ਜਾ ਰਹੇ ਸਨ ਤਾਂ ਗੁਹਾਟੀ ਹਵਾਈ ਅੱਡੇ 'ਤੇ ਜਹਾਜ਼ੋਂ ਉਤਰਦੇ ਹੀ ਕਿਉਂ ਫੜ ਲਏ ਗਏ ਸਨ। ਦੂਸਰੇ ਇਹ ਕੁਝ 'ਇਕਰਾਰਨਾਮੇ' ਕੀ ਹਨ ਜਿਨ੍ਹਾਂ ਉਪਰ ਸ੍ਰੀਮਤੀ ਗਾਂਧੀ ਨੇ ਬੰਗਲਾ ਦੇਸ਼ ਬਣਨ ਵੇਲੇ ਦਸਤਖ਼ਤ ਕੀਤੇ? ਉਹ ਗੁਪਤ ਕਿਉਂ ਰੱਖੇ ਗਏ ? ਕਿਸ ਦੇ ਭਲੇ ਲਈ ? ਕੀ ਭਾਰਤੀ ਜੰਤਾ ਖਾਸ ਕਰਕੇ ਆਸਾਮੀ ਲੋਕਾਂ ਨੂੰ ਇਹ ਹੱਕ ਨਹੀਂ ਕਿ ਉਹ ਇਨ੍ਹਾਂ ਇਕਰਾਰਨਾਮਿਆਂ ਨੂੰ ਜਾਣ ਸਕਣ ?

**ਸ੍ਰੀ ਮਤੀ ਗਾਂਧੀ** : (ਜਾਰੀ ਰੱਖਦੇ ਹੋਏ) ਆਸਾਮ ਵਿਚ ਜਿੱਥੇ ਸਾਨੂੰ ਖੂਨ-ਖਰਾਬੇ ਦਾ ਡਰ ਸੀ, ਚੋਣਾਂ ਰੋਕ ਦਿੱਤੀਆਂ। ਬਾਕੀ ਇਲਾਕਿਆਂ ਵਿਚ 23 ਤੋਂ 62 ਪ੍ਰਤੀਸ਼ਤ ਵੋਟਾਂ ਪਈਆਂ ਜੋ ਕਿ ਭਾਰਤ ਵਿਚ ਆਮ ਤੌਰ 'ਤੇ ਪੈਂਦੀਆਂ ਹਨ।

**ਟਿੱਪਣੀ** : ਸ੍ਰੀ ਮਤੀ ਗਾਂਧੀ ਸੱਚ ਨਹੀਂ ਦੱਸ ਰਹੀ। ਕਈ ਅਜਿਹੀਆਂ ਥਾਵਾਂ ਵੀ ਸਨ ਜਿੱਥੇ ਵੋਟਾਂ 5 ਪ੍ਰਤੀਸ਼ਤ ਤੋਂ ਵੀ ਘੱਟ ਪਈਆਂ। ਸਿਬਸਾਗਰ ਜ਼ਿਲੇ ਵਿਚ 3.8 ਪ੍ਰਤੀਸ਼ਤ ਅਤੇ ਬਿਹਪੁਰੀਆ ਵਿਚ ਔਸਤਨ 0.69 ਪ੍ਰਤੀਸ਼ਤ ਵੋਟਾਂ ਪਈਆਂ।

**ਸ੍ਰੀ ਮਤੀ ਗਾਂਧੀ** : (ਜਾਰੀ ਰੱਖਦੇ ਹੋਏ) ਇਸ ਹੋਣ ਵਾਲੀ ਭਾਰੀ ਗੜਬੜ ਦੀ ਸਾਨੂੰ ਕੋਈ ਰਿਪੋਰਟ ਨਹੀਂ ਸੀ .... ਪਿੰਡ ਦੂਰ ਦੂਰ ਸਨ।

**ਟਿੱਪਣੀ** : ਇਹ ਇਕ ਹੋਰ ਸੱਚ ਨਾ ਦੱਸਣ ਵਾਲੀ ਗੱਲ ਹੈ। ਅਰੁਣ ਸ਼ੋਰੀ ਦੇ ਸਬੂਤ ਮੁਤਾਬਕ (ਦੇਖੋ INDIA TODAY, 15 ਮਈ) 14 ਫਰਵਰੀ ਨੂੰ, ਨੇਲੀ ਕਤਲੇਆਮ ਤੋਂ ਚਾਰ ਦਿਨ ਪਹਿਲਾਂ ਨਾਉਗੌਂਗ ਦੇ ਜ਼ਿਲਾ ਕਮਿਸ਼ਨਰ ਨੇ ਸਬ ਡਿਪਟੀ ਕੁਲੈਕਟਰ ਨੂੰ ਇਕ ਖਾਸ ਸੰਦੇਸ਼ ਭੇਜਿਆ ਸੀ, ਜਿਸ ਵਿਚ ਉਸਨੂੰ ਆਉਣ ਵਾਲੀ ਮੁਸੀਬਤ ਬਾਰੇ ਦਸਿਆ ਸੀ। 15 ਫਰਵਰੀ ਨੂੰ ਨਾਉਗੌਂਗ ਪੁਲੀਸ ਦੇ ਅਫਸਰ ਇੰਚਾਰਜ ਨੇ ਆਸਾਮ ਦੀ ਪੰਜਵੀਂ ਬਟਾਲੀਅਨ ਦੇ ਕਮਾਂਡਰ ਨੂੰ ਖਾਸ ਚਿਤਾਵਨੀ ਦਿੱਤੀ ਸੀ। (ਇਹ ਨੇਲੀ ਇਲਾਕੇ ਤੋਂ 10 ਕਿਲੋਮੀਟਰ ਤੋਂ ਘੱਟ ਦੂਰੀ 'ਤੇ ਠਹਿਰੀ ਹੋਈ ਸੀ) ਜਿਸ ਵਿਚ ਕਿਹਾ ਗਿਆ ਸੀ ਕਿ ਹਜ਼ਾਰ ਆਸਾਮੀਆਂ ਨੇ ਨੇਲੀ ਨੂੰ ਘੇਰਾ ਪਾਇਆ ਹੋਇਆ ਸੀ।

**ਲੁਕਮੈਨ** : ਭਾਰਤ ਵਿਚ ਮੁਸਲਮਾਨਾਂ ਉਤੇ ਬਰਾਬਰ ਹਮਲੇ ਹੁੰਦੇ ਹਨ, ਉਨ੍ਹਾਂ ਦੇ ਕਤਲ ਹੁੰਦੇ ਹਨ, ਜਲਾਇਆ ਜਾਂਦਾ ਹੈ, ਲੁਟਿਆ ਜਾਂਦਾ ਹੈ ਅਤੇ ਦਬਾਇਆ ਜਾਂਦਾ ਹੈ। ਧਰਮ ਨਿਰਪੱਖਤਾ ਅਤੇ ਲੋਕਤੰਤਰਤਾ ਦੂਰ ਦੀ ਗੱਲ ਬਣ ਗਈ ਹੈ। ਕਿਰਪਾ ਕਰਕੇ ਟਿੱਪਣੀ ਕਰੋ।

**ਸ੍ਰੀ ਮਤੀ ਗਾਂਧੀ** : ਮੈਨੂੰ ਹੁਣ ਬਦੇਸ਼ੀ ਜਾਂ ਅੰਦਰੂਨੀ ਨੁਕਤਾਚੀਨੀ ਦੀ ਚਿੰਤਾ ਨਹੀਂ। ਮੈਨੂੰ ਇਸ ਦੀ ਕੋਈ ਪਰਵਾਹ ਨਹੀਂ ਕਿ ਲੋਕ ਕੀ ਕਹਿੰਦੇ ਹਨ .... ਪਰ ਇਸ ਮਾਮਲੇ ਬਾਰੇ ਮੈਂ ਸਬੰਧਤ ਹਾਂ .....

**ਟਿੱਪਣੀ** : ਉਸ ਵਿਅਕਤੀ ਲਈ, ਜਿਸ ਦੇ ਲਈ ਵਿਦੇਸ਼ੀ ਜਾਂ ਅੰਦਰੂਨੀ ਨੁਕਤਾਚੀਨੀ ਕੋਈ ਸਬੰਧ ਨਹੀਂ ਰੱਖਦੀ, ਸ੍ਰੀਮਤੀ ਗਾਂਧੀ

ਵਿਦੇਸ਼ੀ ਪੱਤਰਕਾਰਾਂ ਨਾਲ ਮੁਲਾਕਾਤ (ਇੰਟਰਵਿਊ) ਕਰਨ ਲਈ ਪੂਰੀ ਤਿਆਰ ਅਤੇ ਇੱਛਕ ਹੈ। ਇੰਪ੍ਰਿੰਟ ਵਿਚ ਵੀਰ ਸੰਘਵੀ ਲਿਖਦਾ ਹੈ, "ਤੀਸਰੇ ਸੰਸਾਰ ਦੇ ਹੋਰ ਕਿਸੇ ਨੇਤਾ ਨਾਲੋਂ ਸ੍ਰੀ ਮਤੀ ਗਾਂਧੀ ਐਂਗਲੋ ਅਮਰੀਕਨ ਪ੍ਰੈੱਸ ਦੀ ਮਾਨਤਾ ਲਈ ਵਧੇਰੇ ਯਤਨਸ਼ੀਲ ਹੈ ਅਤੇ 'ਨਿਊਯਾਰਕ ਟਾਈਮਜ਼' ਅਤੇ 'ਗਾਰਡੀਅਨ' ਦੇ ਸਾਂਢਿਆਂ ਦੀ ਮਾਨਤਾ ਦੀ ਇੱਛਕ ਹੈ।" ਅਗਰ ਉਹ ਵਿਦੇਸ਼ੀ ਨੁਕਤਾਚੀਨੀ ਦੀ ਪਰਵਾਹ ਨਹੀਂ ਕਰਦੀ ਤਾਂ 'ਅਰਬ ਨਿਊਜ਼' ਨੂੰ ਇੰਟਰਵਿਊ ਕਿਉਂ ਦਿੱਤੀ ਅਤੇ 'ਇੰਡੀਆ ਟੂ ਡੇ' ਅਤੇ 'ਸੰਡੇ' ਦੇ ਅੰਕ ਜਿਹੜੇ ਨਿਰਪੱਖ ਸੰਮੇਲਨ ਦੀ ਇਕੱਤਰਤਾ ਸਮੇਂ ਪ੍ਰਕਾਸ਼ਤ ਹੋਏ ਸਨ ਅਤੇ ਜਿਨ੍ਹਾਂ ਵਿਚ ਨੈਲੀ ਕਤਲੇਆਮ ਦੀਆਂ ਤਸਵੀਰਾਂ ਸਨ, ਨੂੰ ਕਿਉਂ ਜ਼ਬਤ ਕੀਤਾ ਸੀ?

ਲੁਕਮੈਨ : ਜਨਤਾ ਸਰਕਾਰ ਦੇ ਢਾਈ ਸਾਲਾਂ ਦੇ ਰਾਜ ਬਾਅਦ ਤੁਸੀਂ ਇਸ ਨਾਅਰੇ ਨਾਲ 'ਸਰਕਾਰ ਜਿਹੜੀ ਕੰਮ ਕਰੇ' ਸੱਤਾ ਵਿਚ ਆਏ ਸੀ। ਹੁਣ ਜਦੋਂ ਕਿ ਅਗਲੀਆਂ ਆਮ ਚੋਣਾਂ ਵਿਚ ਕੁਝ ਹੀ ਮਹੀਨੇ ਰਹਿੰਦੇ ਹਨ, ਇਸ ਪੱਖੋਂ ਤੁਹਾਡੀ ਕੀ ਪ੍ਰਾਪਤੀ ਹੈ?

ਸ੍ਰੀ ਮਤੀ ਗਾਂਧੀ : ਇਹ ਅਚੰਭੇ ਵਾਲੀ ਗੱਲ ਹੈ ਕਿਉਂਕਿ ਸਾਡੀਆਂ ਪ੍ਰਾਪਤੀਆਂ ਨੂੰ ਅੰਤਰ-ਰਾਸ਼ਟਰੀ ਸੰਗਠਨਾਂ ਵੱਲੋਂ ਮਾਨਤਾ ਦਿੱਤੀ ਗਈ ਹੈ ਉਹ ਚਾਹੇ ਸੰਸਾਰ ਬੈਂਕ ਹੋਵੇ ਜਾਂ ਸਰਕਾਰਾਂ....

ਟਿੱਪਣੀ : ਇਹ ਅਚੰਭੇ ਵਾਲੀ ਗੱਲ ਹੈ ਕਿ ਭਾਰਤੀ ਸ਼ਹਿਰੀ ਨੂੰ, ਜਿਹੜਾ ਕਿ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ, ਸ੍ਰੀ ਮਤੀ ਗਾਂਧੀ ਦੀਆਂ ਪ੍ਰਾਪਤੀਆਂ ਦਾ ਪਤਾ ਨਹੀਂ; ਜਦੋਂ ਕਿ ਸੰਸਾਰ ਬੈਂਕ ਨੂੰ ਪਤਾ ਹੈ। ਜਿਹਾ ਕਿ ਸੁਭਾਵਕ ਹੈ ਕਿ ਸੰਸਾਰ ਬੈਂਕ ਬੰਬਈ ਦੀ ਸਬਜ਼ੀ ਮੰਡੀ ਵਿਚੋਂ ਚੀਜ਼ਾਂ ਖ੍ਰੀਦਣ ਨਹੀਂ ਜਾਂਦਾ ਤੇ ਮੁਰਾਦਾਬਾਦ, ਭਿਵੰਡੀ ਜਾਂ ਜਮਸ਼ੇਦਪੁਰ ਨਹੀਂ ਰਹਿੰਦਾ ਅਤੇ ਨਾ ਹੀ ਸਿੱਕੇ ਦੇ ਫੈਲਾਓ ਅਤੇ ਵੱਢੀਖੋਰੀ ਚੂੰਢੀ ਵੱਢਦੀ ਹੈ। ਨਾ ਹੀ ਸੰਸਾਰ ਬੈਂਕ ਨੂੰ ਅੰਤੁਲੇ ਦੀ ਸੀਮੈਂਟ ਸੌਦੇਬਾਜ਼ੀ ਜਾਂ ਰਮਈਆ ਦੇ ਰੇਲਵੇ ਸਰਵਿਸ ਦੀ ਭਰਤੀ ਦੀਆਂ ਦਰਖ਼ਾਸਤਾਂ ਗੋਲ-ਮੋਲ ਕਰਨ ਨਾਲ ਕੋਈ ਫਰਕ ਪੈਂਦਾ ਹੈ.... ਸ੍ਰੀ ਮਤੀ ਗਾਂਧੀ ਨੂੰ ਲੋਕਾਂ ਕੋਲੋਂ ਫਤਵਾ ਲੈਣਾ ਪੈਣਾ ਹੈ ਨਾ ਕਿ ਸੰਸਾਰ ਬੈਂਕ ਕੋਲੋਂ। ਜੇ ਉਸ ਦੀਆਂ ਪ੍ਰਾਪਤੀਆਂ ਏਨੀਆਂ ਹੀ ਮਹੱਤਵਪੂਰਣ ਸਨ ਤਾਂ ਤੇਲਗੂ ਲੋਕਾਂ ਨੇ ਉਸਨੂੰ ਆਂਧਰਾ ਪ੍ਰਦੇਸ਼ ਵਿਚੋਂ ਕਿਉਂ ਕੱਢ ਮਾਰਿਆ, ਜਦੋਂ ਕਿ ਉਸ ਕੋਲ ਆਕਾਸ਼ਵਾਣੀ ਅਤੇ ਦੂਰਦਰਸ਼ਨ ਪ੍ਰਾਪਤੀਆਂ ਪ੍ਰਸਾਰਨ ਕਰਨ ਲਈ ਹਨ।

ਲੁਕਮੈਨ : ਕੀ ਤੁਸੀਂ ਸੋਚਦੇ ਹੋ ਕਿ ਤੁਹਾਡੇ ਸੱਤ੍ਹਾ ਵਿਚ ਆਉਣ ਮਗਰੋਂ ਫਿਰਕੂ ਦੰਗਿਆਂ ਨਾਲ ਹਾਲਤ ਹੋਰ ਵਿਗੜੀ ਹੈ? ਜਨਤਾ ਸਰਕਾਰ ਸਮੇਂ ਤੁਹਾਡੀ ਪਾਰਟੀ ਫਿਰਕੂ ਦੰਗੇ ਆਰ. ਐਸ. ਐਸ. ਅਤੇ ਜਨਸੰਘ ਦੇ ਨਾਂ 'ਤੇ ਕਰਵਾਉਂਦੀ ਸੀ, ਪਰ ਤੁਹਾਡੀ ਹਕੂਮਤ ਸਮੇਂ ਦੰਗਿਆਂ ਦਾ ਬਹੁਤ ਹੱਦ ਤੱਕ ਫੈਲ ਜਾਣ ਦਾ ਕੀ ਕਾਰਨ ਹੈ?

ਸ੍ਰੀ ਮਤੀ ਗਾਂਧੀ : ਅਸੀਂ ਆਪਣੀ ਹਕੂਮਤ ਦੇ ਪਹਿਲੇ ਸਮੇਂ ਵਿਚ ਫਿਰਕੂ ਦੰਗਿਆਂ ਨੂੰ ਪੂਰੀ ਤਰਾਂ ਕਾਬੂ ਕਰ ਲਿਆ ਸੀ। ਇਹ ਦਰ ਸਿਫ਼ਰ ਤੱਕ ਪਹੁੰਚ ਗਈ ਸੀ। ਇਹ ਜਨਤਾ ਸਰਕਾਰ ਸਮੇਂ ਫਿਰ ਸ਼ੁਰੂ ਹੋਣ ਲੱਗ ਪਈ।

ਟਿੱਪਣੀ : ਸ੍ਰੀ ਮਤੀ ਗਾਂਧੀ ਆਪਣੀਆਂ ਸਰਕਾਰੀ ਏਜੰਸੀਆਂ ਰਾਹੀਂ ਦਿੱਤੀਆਂ ਗਈਆਂ ਰਿਪੋਰਟਾਂ ਨਹੀਂ ਪੜ੍ਹਦੇ। ਨੈਸ਼ਨਲ ਪੁਲੀਸ ਅਕੈਡਮੀ ਅਤੇ ਕੇਂਦਰੀ ਗ੍ਰਹਿ ਵਿਭਾਗ ਦੀਆਂ ਰਿਪੋਰਟਾਂ (ਵੇਖੋ 'ਸੰਡੇ' ਅਪਰੈਲ 3-9) ਮੁਤਾਬਕ ਭਾਰਤ ਵਿਚ 1968 ਵਿਚ 346, 1969 ਵਿਚ 519 (ਸ੍ਰੀ ਮਤੀ ਗਾਂਧੀ ਦੀ ਸਰਕਾਰ ਸਮੇਂ), 1970 ਵਿਚ 521 ਫਿਰਕੂ ਟਕਰਾਓ ਹੋਏ ਜੋ ਕਿ 1976 ਵਿਚ 169 ਅਤੇ 1977 ਵਿਚ 188 (ਸੰਕਟਕਾਲੀਨ ਅਵਸਥਾ ਸਮੇਂ) ਘਟ ਗਏ। ਜਨਤਾ ਸਰਕਾਰ ਸਮੇਂ ਇਸ ਵਿਚ ਥੋੜਾ ਜਿਹਾ ਵਾਧਾ ਹੋਇਆ। 1978 ਵਿਚ 219 ਅਤੇ 1979 ਵਿਚ 304 ਫਿਰਕੂ ਟਕਰਾਓ ਹੋਏ।

ਪਰ ਇੰਦਰਾ ਗਾਂਧੀ ਦੀ ਸਰਕਾਰ ਸਮੇਂ, ਇਥੋਂ ਤੱਕ ਕਿ ਸੰਕਟਕਾਲੀਨ ਅਵਸਥਾ ਸਮੇਂ ਵੀ ਇਹ ਸਿਫ਼ਰ ਨਹੀਂ ਹੋਏ। 1981 ਵਿਚ ਇਹ ਫਿਰਕੂ ਟਕਰਾਓ ਵਧ ਕੇ 319 ਅਤੇ 1982 ਵਿਚ 474 ਹੋ ਗਏ। ਜੇ ਆਪਾਂ ਨੈਲੀ ਕਾਂਡ ਭੁੱਲ ਵੀ ਜਾਈਏ, ਸ੍ਰੀ ਮਤੀ ਗਾਂਧੀ ਹੀ ਦੱਸ ਸਕਦੇ ਹਨ ਕਿ ਉਨ੍ਹਾਂ ਨੂੰ ਇਹ ਵਿਚਾਰ ਕਿੱਥੋਂ ਆਇਆ ਕਿ ਉਨ੍ਹਾਂ ਦੀ ਸਰਕਾਰ ਸਮੇਂ ਫਿਰਕੂ ਦੰਗੇ ਖਤਮ ਹੋ ਗਏ।

ਲੁਕਮੈਨ : ਕੀ ਤੁਸੀਂ ਸੋਚਦੇ ਹੋ ਕਿ ਰਾਜੀਵ ਉਤਰਾਧਿਕਾਰੀ ਹੋਵੇਗਾ?

ਸ੍ਰੀ ਮਤੀ ਗਾਂਧੀ : ਮੈਂ ਕਹਿਣਾ ਚਾਹੂੰਗੀ ਕਿ ਰਾਜੀਵ ਆਪਣੀ ਇੱਛਾ ਨਾਲ ਮੰਤਰੀ ਬਣਨਾ ਨਹੀਂ ਚਾਹੇਗਾ..... ਤੁਸੀਂ ਜਾਣਦੇ ਹੀ ਹੋ ਕਿ ਸਾਡੇ ਪਰਿਵਾਰ ਵਿਚ ਸਾਡੇ ਫਰਜ਼ਾਂ ਨੂੰ ਸਾਹਮਣੇ ਰੱਖ ਕੇ ਹੀ ਪਾਲਣਾ ਹੋਈ ਹੈ।

ਟਿੱਪਣੀ : ਉਸ ਨੂੰ ਇਸ ਦਿਸ਼ਾ ਵੱਲ ਲੈ ਜਾਣ ਲਈ ਹੀ ਸਭ ਕੁਝ ਕੀਤਾ ਜਾ ਰਿਹਾ ਹੈ, ਜੋ ਰਾਜੀਵ ਦੀ ਸਖਸ਼ੀਅਤ ਬਣਾਉਣ ਲਈ ਕੀਤਾ ਜਾ ਰਿਹਾ ਹੈ। ਜੇ ਉਹ ਨਹੀਂ ਚਾਹੁੰਦਾ ਤੇ ਇਹ ਕੇਵਲ ਡਰਾਮਾ ਹੀ ਹੈ ਤਾਂ ਇਹ ਸਮਾਂ ਉਸ ਨੂੰ ਵਾਪਸ ਇੰਡੀਅਨ ਏਅਰਲਾਈਨਜ਼ ਵਿਚ ਭੇਜਣ ਦਾ ਹੈ। ਉਹ ਕਾਂਗਰਸ (ਆਈ) ਦਾ ਸਕੱਤਰ ਬਣ ਕੇ ਕੀ ਕਰ ਰਿਹਾ ਹੈ? ●

(ਅਨੁਵਾਦਕ: ਸੁਰਿੰਦਰ ਕੈਲੇ, ਸੰਪਾਦਕ ਅਣੂ, ਭਾਰਤ)

---


ਸੋਨੇ ਰੰਗੀ ਸੜਕ (ਕਾਵਿ-ਸੰਗ੍ਰਹਿ) ਤੋਂ ਬਾਅਦ ਸਾਧੂ ਦਾ

ਪਹਿਲਾ ਕਹਾਣੀ ਸੰਗ੍ਰਹਿ

ਕਿਸ ਦਾ ਕਸੂਰ

# S&S Insurance SERVICES



6679 MAIN STREET - 2nd FLOOR (at 51st. Ave)
VANCOUVER, B.C.

TEL: 324-2311



ਹਰਦੇਵ ਗਿੱਲ 590-2058

ਦਲਜੀਤ ਸਿੱਧੂ 324-2311

GET YOUR Autoplan AND HOME INSURANCE

ਕਾਰਾਂ ਟਰੱਕਾਂ ਤੇ ਵੈਨਾਂ ਦੀ ਇਨਸ਼ੋਰੈਂਸ ਦੇ ਲਈ ਹੁਣੇ ਹੀ ਸਾਡੇ ਦਫਤਰ ਆਓ ਅਤੇ ਰਸ਼ ਤੋਂ ਬਚੋ। ਚੰਗੀ ਸਰਵਿਸ ਤੇ ਤਜਰਬੇਕਾਰ ਸਲਾਹ ਹਾਸਲ਼ ਕਰੋ। ਅਸੀਂ ਇਨਕੰਮ ਟੈਕਸ ਸਬੰਧੀ ਆਪ ਦੀਆਂ ਲੋੜਾਂ ਵੀ ਪੂਰੀਆਂ ਕਰਾਂਗੇ

***Enquire about Added Autoplan Protection Benefits from us:***

**•UNDER INSURED MOTORIST PROTECTION**
**•INCOME REPLACEMENT**
**•LOSS OF USE**
**•FREE AUTOPLAN MOTORIST KIT**

***Income Tax Services also available***

---

ਪ੍ਰਿੰਸ ਰੂਪਰਟ, ਬੀ.ਸੀ. ਵਿੱਚ ਭਾਰਤੀ ਗਰੋਸਰੀ ਦੀ
ਇੱਕੋ ਇੱਕ ਦੁਕਾਨ

## ਜਟਾਣਾ ਐਂਟਰਪਰਾਈਜ਼ਜ਼

* ਭਾਰਤੀ ਗਰੋਸਰੀ
* ਕੈਸੈਟ ਟੇਪਾਂ
* ਸ਼ੋਭਾ ਸਿੰਘ ਦੇ ਚਿੱਤਰ
* ਕਿਰਪਾਨਾਂ
* ਛੇਤੀ ਹੀ ਵੀਡੀਓ ਟੇਪਾਂ ਕਿਰਾਏ ਤੇ ਦੇਣ ਦਾ ਇੰਤਜ਼ਾਮ ਵੀ ਕੀਤਾ ਜਾ ਰਿਹਾ ਹੈ

**627-7209**

**JATANA ENTERPRISES**
**1238 ALEXANDRA PLACE,**
PRINCE RUPERT

ਕਹਾਣੀ :

# ਅਲਵਿਦਾ

ਮਹਿੰਦਰ ਸਿੰਘ ਬੈਂਸ
(ਸੇਂਟ ਐਲਬਰਟ, ਅਲਬਰਟਾ)

ਜੁਲਾਈ ਸੰਨ 1978 ਵਿਚ ਕਾਫ਼ੀ ਢੂੰਡ-ਪੜਤਾਲ ਤੋਂ ਬਾਅਦ ਐਡਮੰਟਨ ਸ਼ਹਿਰ ਦੇ ਬਿਲਕੁਲ ਨਾਲ ਲੱਗਦੇ ਇਸ ਛੋਟੇ ਸ਼ਹਿਰ ਸੇਂਟ ਐਲਬਰਟ ਵਿਚ ਮੈਨੂੰ ਇਕ ਘਰ ਰਿਹਾਇਸ਼ ਵਾਸਤੇ ਪਸੰਦ ਆਇਆ। ਇਸ ਘਰ ਦਾ ਸੌਦਾ ਕਰਕੇ ਇਕ ਅਗਸਤ ਨੂੰ ਕਬਜ਼ਾ ਲੈਣ ਦੀ ਤਰੀਕ ਮੁਕੱਰਰ ਸੀ। ਇਹ ਨਵਾਂ ਬਣਿਆ ਘਰ ਸੀ, ਪਰ ਖਾਲੀ ਪਿਆ ਸੀ। ਇਸ ਦਾ ਮਾਲਕ ਤਿੰਨ ਮਹੀਨੇ ਇਥੇ ਰਹਿ ਕੇ ਨੌਕਰੀ ਤੋਂ ਬਦਲੀ ਹੋ ਜਾਣ ਕਾਰਣ ਨਾਲ ਦੇ ਸੂਬੇ ਸਸਕੈਚਵਨ ਚਲਾ ਗਿਆ ਸੀ। ਦੋ ਕੁ ਮਹੀਨਿਆਂ ਤੋਂ ਘਰ ਵਿਚ ਕੋਈ ਨਹੀਂ ਰਹਿ ਰਿਹਾ ਸੀ। ਜਿਸ ਦੇ ਫਲਸਰੂਪ ਘਰ ਜਿਤਨਾ ਅੰਦਰੋਂ ਸਾਫ਼ ਅਤੇ ਲਿਸ਼ਕਦਾ ਹੋਇਆ; ਬਾਹਰੋਂ ਉਤਨਾ ਹੀ ਉਜੜਿਆ ਹੋਇਆ। ਭਾਵ ਘਰ ਸਾਹਮਣੇ ਵਿਹੜੇ ਵਿਚ ਚਾਰ ਫੁਟ ਤੋਂ ਵੀ ਲੰਬਾ ਘਾਹ ਜੁਲਾਈ ਮਹੀਨੇ ਦੀਆਂ ਬਾਰਸ਼ਾਂ ਨਾਲ ਵਧ ਕੇ ਲਾਂਗਥਰਾਂ ਮਾਰ ਰਿਹਾ ਸੀ। ਗੁਆਂਢੀਆਂ ਦੇ ਕੁੱਤੇ-ਬਿੱਲੀਆਂ ਅਕਸਰ ਇਥੇ ਸੈਰ ਕਰਨ ਆਉਂਦੇ ਅਤੇ ਥਾਂ ਥਾਂ ਗੰਦ ਖਿਲਾਰਦੇ ਰਹੇ ਹੋਣਗੇ। ਪਿਛਲੇ ਵਿਹੜੇ ਵਿਚ ਲਾਨ ਦੇ ਬੂਟੇ ਫੁੱਲਾਂ 'ਤੇ ਆਏ ਹੋਏ ਖੱਬਲ ਘਾਹ ਨੂੰ ਪੈਰਾਂ ਵਿਚ ਲਿਤਾੜ ਰਹੇ ਸਨ। ਦਿਲ ਅੱਕਲਕਾਨ ਆਉਂਦਾ ਸੀ, ਕੁਦਰਤ ਦੀ ਬੇਲੋੜੀ ਵਧੀਕੀ ਦਾ ਇਹ ਕੋਝਾ ਨਜ਼ਾਰਾ ਇਸ ਸੁਹਣੀ ਬਸਤੀ ਵਿਚ ਵੇਖ ਕੇ! ਦਿਲ ਕਰੇ ਘਰ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਜਾਦੂ ਦੀ ਛਿਟੀ ਨਾਲ ਬਾਹਰ ਦੀ ਸਫ਼ਾਈ ਇਕ ਦਮ ਕਰ ਸੁਟਾਂ। ਪਰ ਮੇਰੀ ਤਾਂ ਘਾਹ ਕੱਟਣ ਵਾਲੀ ਮਸ਼ੀਨ ਵੀ ਅਜੇ ਹੋਰ ਸਮਾਨ ਨਾਲ ਵਾਈਟ ਕੋਰਟ ਵਾਲੇ ਘਰ ਵਿਚ ਪਈ ਸੀ। ਉਂਞ ਮੈਨੂੰ ਲੱਗ ਰਿਹਾ ਸੀ ਕਿ ਘਾਹ ਦਾ ਜੰਗਲ ਮਸ਼ੀਨ ਨਾਲ ਕੱਟਿਆ ਵੀ ਨਹੀਂ ਜਾਣਾ।

ਇਨ੍ਹੀਂ ਹੀ ਦਿਨਾਂ ਵਿਚ ਇਕ ਸ਼ਾਮ ਘਰੋਂ ਵਾਪਸ ਜਾਣ ਲਈ ਤਿਆਰ ਹੋ ਕੇ ਮੈਂ ਘਰ ਮੂਹਰੇ ਖੜ੍ਹਾ ਇਧਰ ਉਧਰ ਝਾਕ ਰਿਹਾ ਸਾਂ ਕਿ ਮੇਰੀ ਮੁਲਾਕਾਤ ਮੇਰੇ ਨਵੇਂ ਗੁਆਂਢ ਨਾਲ ਹੋਈ। ਬੜੀ ਖੁਸ਼ ਤਬੀਅਤ ਦਾ ਹਸੂੰ-ਹਸੂੰ ਕਰਦਾ ਇਹ ਜੋੜਾ ਆਪਣੇ ਘਰ ਦੁਆਲੇ ਸਫ਼ਾਈ ਵਿਚ ਇੰਞ ਰੁਝਾ ਹੋਇਆ ਸੀ ਜਿਵੇਂ ਮਾਨ-ਸਰੋਵਰ ਦੀ ਛਾਤੀ ਉਪਰ ਤਰਦਾ ਹੰਸਾਂ ਦਾ ਜੋੜਾ ਅੰਨ ਪਰਮੇਸ਼ਰ ਲਈ ਚੁੰਞਾਂ ਪਾਣੀ ਵਿਚ ਡੁਬੋ ਰਿਹਾ ਹੋਵੇ। ਕੰਮ ਵੱਲੋਂ ਧਿਆਨ ਹਟਾ ਕੇ ਦੋਹਾਂ ਨੇ ਸੂੰਤ-ਇੱਛਾ ਮੇਰੇ ਵੱਲ ਤੱਕਿਆ ਤਾਂ ਮੇਰੇ ਮੂੰਹੋਂ ਸੁਭਾਵਿਕ ਹੀ ਇੰਞ ਬੋਲਿਆ ਗਿਆ, "ਹਾਏ, ਆਈ ਐਮ ਗੋਇੰਗ ਟੂ ਬੀ ਯੂਅਰ ਨਿਊ ਨੇਬਰ।" ਸਵਾਗਤ ਵਿਚ ਉਹ ਦੋਵੇਂ ਉਠ ਕੇ ਪੋਲੇ ਪੋਲੇ ਪੈਰੀਂ ਤੁਰਦੇ ਮੇਰੇ ਕੋਲ ਆ ਖੜ੍ਹੇ ਹੋਏ ਅਤੇ ਬੋਲੇ, "ਵੈਲਕਮ ਟੂ ਯੂਅਰ ਨਿਊ ਹਾਊਸ।" ਮੇਰੀ ਤਬੀਅਤ ਇਸ ਨਿੱਕੇ ਜਿਹੇ, ਪਿਆਰ ਨਾਲ ਬੋਲੇ ਗਏ ਵਾਕ ਨੇ ਪ੍ਰਸੰਨ ਕਰ ਦਿੱਤੀ ਅਤੇ ਮੈਂ 'ਥੈਂਕਯੂ' ਵਿਚ ਜਵਾਬ ਦਿੱਤਾ। ਗੱਲਬਾਤ ਦੀ ਲੜੀ ਬਹੁਤੀ ਨਾ ਤੁਰੀ, ਕਿਉਂਕਿ ਮੈਂ ਕਾਹਲ ਵਿਚ ਸਾਂ ਅਤੇ ਫ਼ਟਾਫ਼ਟ ਉਥੋਂ ਰਵਾਨਾ ਹੋ ਗਿਆ। ਪਰ ਰਾਹ ਵਿਚ ਮੈਨੂੰ ਕਿੰਨੀ ਵਾਰੀ ਖਿਆਲ ਆਇਆ ਕਿ ਕਿੰਨੇ ਭਲੇ ਹਨ ਇਹ ਇਨਸਾਨ।

ਹਫ਼ਤੇ ਬਾਅਦ ਐਤਵਾਰ ਵਾਲੇ ਦਿਨ ਮੈਂ ਫਿਰ ਘਰ ਵੇਖਣ ਆਇਆ, ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ, ਜਦ ਮੈਂ ਵੇਖਿਆ ਕਿ ਮੋਹਰਲੇ ਵਿਹੜੇ ਵਿਚ ਗੁਆਂਢੀ ਮਰਦ ਅਤੇ ਉਸਦਾ ਜਵਾਨ ਪੁੱਤਰ ਘਾਹ ਕੱਟ ਰਹੇ ਹਨ ਗੁਆਂਢਣ ਔਰਤ ਨਾਲੋ ਨਾਲ ਘਾਹ ਇਕੱਠਾ ਕਰਕੇ ਗਾਰਬੇਜ ਬੈਗ ਭਰੀ ਜਾਂਦੀ ਹੈ। ਮੋਹਰਲੇ ਵਿਹੜੇ ਦਾ ਸਾਰਾ ਘਾਹ ਅਤੇ ਕੂੜਾ ਇਨ੍ਹਾਂ ਸਭ ਕੱਟ ਅਤੇ ਹੂੰਝ ਸੁੱਟਿਆ ਹੈ ਅਤੇ ਇਕ ਨਿੱਕੀ ਜਿਹੀ ਘਾਹ ਦੀ ਟੁਕੜੀ ਅਜੇ ਮੌਜੂਦ ਹੈ, ਜਿਸ ਨੂੰ ਕੱਟਣ ਲਈ ਇਹ ਤਿੰਨੇ ਜੀਅ ਜ਼ੋਰ ਲਾ ਰਹੇ ਹਨ ਪਰ ਘਾਹ ਇਤਨਾ ਲੰਬਾ ਅਤੇ ਸੰਘਣਾ ਹੈ ਕਿ ਘਾਹ ਕੱਟਣ ਵਾਲੀ ਮਸ਼ੀਨ ਦੀ ਲਪੇਟ ਵਿਚ ਨਹੀਂ ਆਉਂਦਾ। ਕੁਝ ਮਿੰਟ ਚੱਲ ਕੇ ਮਸ਼ੀਨ ਘਾਹ ਦੀ ਲਪੇਟ ਵਿਚ ਹਰ ਖਾ ਕੇ ਬੰਦ ਹੋ ਜਾਂਦੀ ਹੈ, ਫਿਰ ਇਹ ਮਰਦ ਅਤੇ ਨੌਜਵਾਨ ਉਸ ਨੂੰ ਮੁਰੰਮਤ ਕਰਨ ਲੱਗ ਜਾਂਦੇ ਹਨ। ਕੁਝ ਦੇਰ ਬਾਅਦ ਘਾਹ ਕੱਟਣਾ ਫਿਰ ਸ਼ੁਰੂ ਕਰਦੇ ਹਨ, ਪਰ ਇਹ ਫਿਰ ਜਲਦੀ ਖੜ੍ਹੀ ਹੋ ਜਾਂਦੀ ਹੈ। ਘਾਹ ਅਤੇ ਘਾਹ ਕੱਟਣ ਵਾਲੀ ਮਸ਼ੀਨ ਵਿਚਕਾਰ ਇਹ ਜੰਗ ਲਗਾਤਾਰ ਇਕ ਘੰਟਾ ਚੱਲਦੀ ਰਹੀ ਤਾਂ ਕਿਤੇ ਜਾ ਕੇ ਉਹ ਛੋਟੀ ਜਿਹੀ ਘਾਹ ਦੀ ਰਹਿੰਦੀ ਟੁਕੜੀ ਕੱਟੀ ਗਈ। ਮੈਂ ਅੰਦਾਜ਼ਾ ਲਾਇਆ ਕਿ ਗੁਆਂਢੀਆਂ ਦੀ ਇਹ ਫੌਜ ਅੱਜ ਸਵੇਰ ਤਕਰੀਬਨ ਪੰਜ-ਛੇ ਘੰਟਿਆਂ ਤੋਂ ਇਹੋ ਜੰਗ ਫਤਹਿ ਕਰਨ ਲੱਗੀ ਹੋਈ ਹੈ। ਘਾਹ ਜਿੱਥੇ ਜਿਤਨਾ ਬਲਵਾਨ ਹੈ, ਕੱਟਣ ਵਾਲੀ ਮਸ਼ੀਨ ਉਤਨੀ ਹੀ ਪੁਰਾਣੀ ਅਤੇ ਕਮਜ਼ੋਰ ਹੈ। ਪਰ ਫੌਜਾਂ ਦੇ ਬੇਅੰਤ ਹੌਸਲੇ ਸਾਹਮਣੇ ਅਖੀਰ ਘਾਹ ਨੂੰ ਦਮ ਤੋੜਨਾ ਹੀ ਪਿਆ। ਮੈਂ ਗੁਆਂਢੀਆਂ ਦਾ ਇਸ ਨਿਸ਼ਕਾਮ ਸੇਵਾ ਲਈ ਤਹਿਦਿਲੋਂ ਸ਼ੁਕਰੀਆ ਕੀਤਾ।

ਮੇਰੀ ਮੁਲਾਕਾਤ ਜ਼ਰਾ ਹੋਰ ਗੂੜ੍ਹੀ ਹੋਈ। ਗੁਆਂਢੀ ਦਾ ਨਾਮ ਬਰਾਈਸ, ਉਸਦੀ ਪਤਨੀ ਦਾ ਨਾਮ ਜੀਨ ਅਤੇ ਪੁੱਤਰ ਦਾ ਨਾਮ ਐਂਡਰਿਊ ਹੈ। ਇਸ ਪਰਵਾਰ ਦੀਆਂ ਚਾਰ ਹੋਰ ਬੱਚੀਆਂ ਹਨ ਜੋ ਐਂਡਰਿਊ ਤੋਂ ਛੋਟੀਆਂ ਹਨ ਅਤੇ ਇਹ ਕੈਨੇਡਾ ਦੇ ਸੂਬੇ ਨਿਊਫਾਊਂਡ ਲੈਂਡ ਵਿਚੋਂ ਦੋ ਸਾਲ ਪਹਿਲਾਂ ਇਥੇ ਆ ਵਸੇ ਸਨ। ਪਹਿਲੀ ਮੁਲਾਕਾਤ ਤੋਂ ਬਾਅਦ ਸਾਡਾ ਪਿਆਰ ਦਿਨ-ਬ-ਦਿਨ ਵਧਦਾ ਗਿਆ। ਅਸੀਂ ਆਪਣੇ ਇਸ ਨਵੇਂ ਗੁਆਂਢ ਦੇ ਹਰ ਕੰਮ ਵਿਚ ਹੱਥ ਵਟਾਉਂਦੇ ਰਹੇ। ਉਧਰੋਂ ਬਰਾਈਸ ਮੇਰੇ ਸਾਰੇ ਨਿੱਕੇ ਮੋਟੇ ਕੰਮ ਆਉਂਦਾ ਰਿਹਾ। ਹਰ ਨਵੀਂ ਖਰੀਦੀ ਚੀਜ਼ ਮੈਂ ਉਸਨੂੰ ਵਿਖਾਉਂਦਾ ਅਤੇ ਉਹ ਵੀ ਇਸੇ ਤਰ੍ਹਾਂ ਹੀ। ਕਿਤੇ ਸਹਿਜ ਸੁਭਾ ਹੀ ਜੇਕਰ ਮੈਂ ਕਾਰ ਦੀ ਹੁੱਡ ਉਪਰ ਝੁਕ ਲੈਂਦਾ ਤਾਂ ਬਰਾਈਸ ਤੋਂ ਇਹ ਕਹੇ ਬਿਨਾ ਨਾ ਰਹਿ ਹੁੰਦਾ, "ਵੱਟਸ ਰੌਂਗ ਵਿਦ ਯੂਅਰ ਕਾਰ?" ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਇਹੀ ਈਸਾਈ ਹਨ ਜੋ ਇਨਸਾਨੀ ਭਾਈ-ਚਾਰੇ ਦੇ ਸਿਧਾਂਤ "ਲਵ ਦਾਈ ਨੇਬਰ ਐਜ਼ ਦਾਈ ਸੈਲਫ" ਨੂੰ ਅਸਲੀ ਸ਼ਕਲ ਦਿੰਦੇ ਹਨ। ਸਹਿਜ ਸੁਭਾ ਹੀ ਮੈਂ ਉਸਨੂੰ 'ਸੇਂਟ ਬਰਾਈਸ' ਕਹਿਣ ਲੱਗ ਪਿਆ ਅਤੇ ਉਹ ਹੱਸ ਛੱਡਦਾ ਸੀ।

ਅਗਲੇ ਸਾਲ ਮੇਰੇ ਬੀਜੀ ਸਾਡੇ ਪਾਸ ਆਏ। ਬਰਾਈਸ ਅਤੇ ਜੀਨ ਮੇਰੀ ਬਿਰਧ ਮਾਂ ਨੂੰ ਪਹਿਲੀ ਮਿਲਣੀ ਸਮੇਂ ਇੰਝ ਜੱਫੀਆਂ ਪਾ ਕੇ ਮਿਲੇ ਜਿਵੇਂ ਕਿਤੇ ਉਹ ਇਨ੍ਹਾਂ ਦੀ ਮਾਂ ਜੋ ਕਿਤੇ ਗੁਆਚ ਗਈ ਸੀ, ਅਸੀਂ ਲੱਭੀ ਹੋਵੇ। ਬੀਜੀ ਨੂੰ ਭਾਵੇਂ ਅੰਗਰੇਜ਼ੀ ਬੋਲੀ ਦਾ ਇਕ ਲਫ਼ਜ਼ ਵੀ ਉਦੋਂ ਨਹੀਂ ਸੀ ਆਉਂਦਾ ਪਰ ਉਨ੍ਹਾਂ ਦਾ ਮਨੁੱਖੀ ਹਿਰਦਾ ਪਿਆਰ ਦੀ ਗੁੰਗੀ ਜ਼ਬਾਨ ਨੂੰ ਸਮਝ ਕੇ ਇਨ੍ਹਾਂ ਤੋਂ ਬਲਿਹਾਰੇ ਜਾਂਦਾ ਸੀ।

ਬੀਜੀ ਇਕ ਬਹੁਤ ਵੱਡੇ ਪਰਿਵਾਰ ਵਿਚੋਂ ਪੰਜਾਬ ਤੋਂ ਆਏ ਸਨ ਜਿਥੇ ਉਨ੍ਹਾਂ ਦੇ ਦੋ ਹੋਰ ਪੁੱਤਰ, ਨੂੰਹਾਂ, ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਅਤੇ ਭਤੀਜੀਆਂ ਦੀ ਭੀੜ ਦਾ ਝੁਰਮਟ ਇਨ੍ਹਾਂ ਨੂੰ ਰਹਿ-ਰਹਿ ਕੇ ਪਿੰਡ ਦੀ ਯਾਦ ਅਤੇ ਖਿੱਚ ਪਾਉਂਦਾ ਸੀ। ਇਸ ਤੋਂ ਇਲਾਵਾ ਬੀਜੀ ਦਾ ਆਪਣੇ ਪਿੰਡ ਆਂਢ-ਗੁਆਂਢ 'ਚ, ਪ੍ਰਤਾਪ ਵੀ ਅਜਿਹਾ ਕਿ ਇਸਤਰੀਆਂ ਨੂੰ ਛੱਡ ਕੇ ਕਈ ਬਜ਼ੁਰਗ ਵੀ ਉਨ੍ਹਾਂ ਤੋਂ ਕੰਮ-ਕਾਰ ਦੀਆਂ ਸਲਾਹਾਂ ਲੈਂਦੇ ਸਨ। ਇਸ ਕਰਕੇ ਕੈਨੇਡਾ ਦੀ ਬੇਓੜਕ ਬਰਫ਼ਾਨੀ ਠੰਡ ਅਤੇ ਓਪਰੀ ਠੰਡੀ ਹੀ ਇਕੱਲ ਉਨ੍ਹਾਂ ਦਾ ਦਿਲ ਬੇਚੈਨ ਕਰਨ ਲੱਗੀ। ਮੈਂ ਅਤੇ ਮੇਰੀ ਪਤਨੀ ਵੀ ਜਦੋਂ ਕੰਮ 'ਤੇ ਚਲੇ ਜਾਂਦੇ ਤਾਂ ਬੀਜੀ ਦਾ ਦਿਲ ਉੱਕਾ ਨਾ ਲੱਗਦਾ।

ਗੁਆਂਢ ਦੇ ਇਸ ਰੱਬੀ ਜੋੜੇ ਨੂੰ ਪਤਾ ਨਹੀਂ ਕਿਸ ਤਰ੍ਹਾਂ ਸੂਹ ਮਿਲ ਗਈ ਕਿ ਸਾਡੇ ਬੀਜੀ ਨਾ-ਖੁਸ਼ ਹਨ। ਸਾਡੀ ਗ਼ੈਰ-ਹਾਜ਼ਰੀ ਵਿਚ ਬੀਜੀ ਜਦੋਂ ਘਰ ਇਕੱਲੇ ਹੋਣ ਤਾਂ ਇਸ ਪੂਜਨੀਕ ਗੁਆਂਢੀ ਜੋੜੇ ਨੇ ਸਾਡੇ ਘਰ ਵਿਚ ਪ੍ਰਵੇਸ਼ ਕਰਕੇ ਸਾਡੀ ਬੀਜੀ ਪਾਸ ਆ ਬੈਠਣਾ। ਬੋਲੀ ਭਾਵੇਂ ਸਮਝ ਨਾ ਵੀ ਆਵੇ, ਦਿਲ ਨੇੜੇ ਹੋਣੇ ਜ਼ਿਆਦਾ ਜ਼ਰੂਰੀ ਹਨ। ਬੀਜੀ ਨੇ ਚਾਹ, ਕਾਫ਼ੀ ਆਦਿ ਤਿਆਰ ਕਰਕੇ ਇਨ੍ਹਾਂ ਨਾਲ ਪਿਆਰ ਦੀ ਬੇਜ਼ੁਬਾਨ ਬੋਲੀ ਵਿਚ ਕਈ ਕਈ ਘੰਟੇ ਇਨ੍ਹਾਂ ਨਾਲ ਗੱਲਾਂ ਕਰਨੀਆਂ ਤੇ ਕੋਲ ਬੈਠੇ ਰਹਿਣਾ। ਜਦੋਂ ਮੈਨੂੰ ਘਰ ਆਏ ਨੂੰ ਪਤਾ ਲੱਗਣਾ, ਤਾਂ ਮੈਂ ਸੋਚਣਾ, "ਹੇ ਰੱਬਾ ਤੇਰੀ ਰੱਬਤਾ ਇਨਸਾਨਾਂ ਵਿਚ ਭਰਪੂਰ ਹੈ ਪਰ ਤੂੰ ਮੈਨੂੰ ਕਿਉਂ ਇਸ ਤੋਂ ਊਣਾ ਰੱਖਿਆ? ਮੈਨੂੰ ਵੀ ਅਜਿਹਾ ਪਿਆਰ ਹਿਰਦਾ ਦੇਹ ਜਿਹੜਾ ਮੇਰੇ ਗੁਆਂਢ ਨੂੰ ਬਖਸ਼ਿਆ ਹੈ ਤਾਂ ਕਿ ਮੈਂ ਸਾਰੀ ਦੁਨੀਆਂ ਨੂੰ ਇਕੋ ਜਿਹਾ ਪਿਆਰ ਕਰ ਸਕਾਂ।"

ਅਖੀਰ ਡੇਢ ਕੁ ਸਾਲ ਬਾਅਦ ਬੀਜੀ ਦਾ ਇਥੋਂ ਵਾਪਸ ਪੰਜਾਬ ਜਾਣ ਦਾ ਪ੍ਰੋਗਰਾਮ ਬਣ ਗਿਆ। ਗੁਆਂਢੀਆਂ ਨੂੰ ਵੀ ਪਤਾ ਲੱਗ ਗਿਆ। ਇਕ ਦਿਨ ਜੀਨ ਸਾਡੇ ਘਰ ਇਹ ਪੁੱਛਣ ਆਈ ਕਿ ਸਾਡੀ ਬੋਲੀ ਪੰਜਾਬੀ ਵਿਚ 'ਫੇਅਰਵੈੱਲ' ਨੂੰ ਕੀ ਕਹਿੰਦੇ ਹਨ। ਮੈਨੂੰ ਇਕ ਦਮ ਕੋਈ ਲਫ਼ਜ਼ ਨਾ ਅਹੁੜਿਆ। ਉਹ ਇਨਾ ਪੁੱਛ ਕੇ ਬੂਹੇ ਵਿਚੋਂ ਹੀ ਵਾਪਸ ਚਲੀ ਗਈ ਅਤੇ ਤਾਕੀਦ ਕਰ ਗਈ ਕਿ ਕੱਲ੍ਹ ਤੀਕ ਇਹ ਲਫ਼ਜ਼ ਲਿਖ ਕੇ ਮੈਂ ਉਸਨੂੰ ਪਹੁੰਚਾ ਦੇਵਾਂ। ਪਰ ਮੈਨੂੰ ਇਸ ਬੁਝਾਰਤ ਦੀ ਕੋਈ ਸਮਝ ਨਾ ਆਈ। ਮੈਂ ਕਦੇ ਸੋਚਾਂ 'ਜਾਣ ਵੇਲੇ ਸ਼ੁਭ ਇੱਛਾ' ਅਤੇ ਕਦੇ ਕਹਾਂ 'ਸ਼ੁਭ ਜਾਣਾ' ਆਦਿ। ਪਰ ਕੋਈ ਵੀ ਢੁਕਵਾਂ ਇਕ ਸ਼ਬਦ ਦਾ ਅਰਥ ਨਾ ਲੱਭੇ। ਫਿਰ ਮੈਨੂੰ ਇਕ ਲਫ਼ਜ਼ ਯਾਦ ਆਇਆ: 'ਅਲਵਿਦਾ' ਜੋ ਪੰਜਾਬੀ ਨਾਲੋਂ ਸ਼ਾਇਦ ਉਰਦੂ ਦਾ ਜ਼ਿਆਦਾ ਹੋਵੇ। ਦੂਸਰੇ ਦਿਨ ਮੈਂ ਸੁਬ੍ਹਾ ਇਹ ਲਫ਼ਜ਼ ਕਾਗਜ਼ 'ਤੇ ਲਿਖ-ਕੇ ਗੁਆਂਢੀਆਂ ਦੇ ਮੇਲ-ਬੌਕਸ ਵਿਚ ਪਾ ਦਿੱਤਾ ਅਤੇ ਕੰਮ 'ਤੇ ਚਲਾ ਗਿਆ। ਉਥੇ ਮੈਨੂੰ 'ਵਿਦਾਇਗੀ' ਸ਼ਬਦ ਦੀ ਯਾਦ ਆਇਆ ਜੋ ਕਿ 'ਫੇਅਰਵੈੱਲ' ਦਾ ਢੁਕਵਾਂ ਪੰਜਾਬੀ ਅਨੁਵਾਦ ਹੋ ਸਕਦਾ ਸੀ। ਪਰ ਮੈਂ ਸੋਚਿਆ ਹੁਣ ਤਾਂ ਜੋ ਲਿਖਿਆ ਗਿਆ ਸੋ ਲਿਖਿਆ ਗਿਆ।

ਅੱਜ ਸ਼ੁੱਕਰਵਾਰ ਦਾ ਦਿਨ ਸੀ ਅਤੇ ਬੀਜੀ ਨੇ ਅਗਲੇ ਸੋਮਵਾਰ ਤੜਕੇ ਚਲੇ ਜਾਣਾ ਸੀ। ਸ਼ਾਮ ਨੂੰ ਜੀਨ ਸਾਨੂੰ ਆਪਣੇ ਘਰ ਐਤਵਾਰ ਸ਼ਾਮ ਦਾ ਖਾਣਾ ਖਾਣ ਦਾ ਸੱਦਾ ਦੇਣ ਆਈ। ਮੈਂ ਬਥੇਰਾ ਕਿਹਾ ਕਿ ਤੁਸੀਂ ਕਾਹਨੂੰ ਖੇਚਲ ਕਰਨੀ ਸੀ, ਪਰ ਉਹ ਨਾ ਮੰਨੀ।

ਐਤਵਾਰ ਸ਼ਾਮ ਨੂੰ ਅਸੀਂ ਸਾਰਾ ਪਰਵਾਰ ਉਨ੍ਹਾਂ ਦੇ ਘਰ ਚਲੇ ਗਏ। ਉਨ੍ਹਾਂ ਦਾ ਘਰ ਪਰਵਾਰ ਦੇ ਸਾਰੇ ਜੀਆਂ ਨਾਲ ਹਸਿਆਂ ਰਸਿਆ ਖੁਸ਼ੀ ਨਾਲ ਭਰਿਆ ਹੋਇਆ ਸੀ। ਜੀਨ ਰਸੋਈ ਵਿਚ ਰੁੱਝੀ ਹੋਈ ਸੀ। ਬਰਾਈਸ ਅਤੇ ਸਾਰੇ ਬੱਚੇ ਲਿਵਿੰਗ ਰੂਮ ਵਿਚ ਟੈਲੀਵੀਜ਼ਨ ਵੇਖ ਰਹੇ ਸਨ। ਉਨ੍ਹਾਂ ਸਾਨੂੰ ਆਪਣੇ ਦਾਦੀ ਦਾਦੇ ਤੋਂ ਲੈ ਕੇ ਸਾਰੇ ਪਰਵਾਰ ਦੀਆਂ ਫੋਟੋਆਂ ਵਿਖਾਈਆਂ।

ਖਾਣਾ ਪਰੋਸਿਆ ਗਿਆ ਅਤੇ ਸਾਨੂੰ ਸਭ ਨੂੰ ਟੇਬਲ ਦੁਆਲੇ ਬੈਠਣ ਲਈ ਕਿਹਾ ਗਿਆ। ਬੀਜੀ ਟੇਬਲ ਦੀ ਇਕ ਨੁੱਕਰੇ ਬਿਰਾਜਮਾਨ ਹੋਏ। ਟੇਬਲ ਦੇ ਵਿਚਕਾਰ ਇਕ ਬਹੁਤ ਵੱਡਾ ਚਿੱਟੇ ਰੰਗ ਦਾ ਕੇਕ ਸੀ, ਜਿਸ ਉਪਰ ਹਰੀ ਸ਼ੂਗਰ ਕੋਟਿੰਗ ਨਾਲ ਕੁਝ ਲਿਖਿਆ ਹੋਇਆ ਸੀ। ਜੀਨ ਨੇ ਹੌਲੀ ਜਿਹੀ ਕੇਕ ਘੁਮਾ ਕੇ ਅੱਖਰਾਂ ਦਾ ਰੁਖ ਬੀਜੀ ਵੱਲ ਨੂੰ ਕਰ ਦਿੱਤਾ। ਕੇਕ ਉੱਪਰ ਲਿਖਿਆ ਸੀ 'ਅਲਵਿਦਾ' ਤਾਂ ਬੀਜੀ ਨੂੰ ਸਮਝ ਆਈ ਕਿ ਇਹ ਸਾਰਾ ਪਰਵਾਰ ਅੱਜ ਮੈਨੂੰ ਅਲਵਿਦਾ ਕਹਿ ਰਿਹਾ ਹੈ। ਬੀਜੀ ਨੇ ਹੈਰਾਨੀ ਭਰੀ ਖੁਸ਼ੀ ਵਿਚ ਉੱਠ ਕੇ ਜੀਨ ਨੂੰ ਗਲਵੱਕੜੀ ਵਿਚ ਲੈ ਕੇ ਪਿਆਰ ਕੀਤਾ ਅਤੇ ਉਨ੍ਹਾਂ ਦੀਆਂ ਅੱਖਾਂ ਪਿਆਰ ਦੇ ਹੰਝੂਆਂ ਨਾਲ ਭਰ ਗਈਆਂ। ਮੈਂ ਕੇਕ ਚੁੱਕ ਕੇ ਲਿਵਿੰਗ ਰੂਮ ਵਿਚ ਆ ਗਿਆ ਅਤੇ ਬੀਜੀ ਕੇਕ ਨੂੰ ਫੜ ਕੇ ਖੜ੍ਹੇ ਹੋ ਗਏ। ਸਭ ਉਨ੍ਹਾਂ ਦੇ ਆਸੇ ਪਾਸੇ ਅਤੇ ਪਿੱਛੇ ਖੜ੍ਹੇ ਹੋ ਗਏ ਅਤੇ ਮੈਂ ਕੁਝ ਫੋਟੋਆਂ ਖਿੱਚੀਆਂ। ਸਾਰੀ ਰਾਤ ਕਈ ਵਾਰ ਮੈਨੂੰ ਖਿਆਲ ਆਇਆ ਕਿ ਚੰਗੇ ਇਨਸਾਨ ਦੂਸਰੇ ਨੂੰ ਖੁਸ਼ੀ ਦੇਣ ਲਈ ਕਿਥੋਂ ਤੀਕ ਸੋਚ ਸਕਦੇ ਹਨ। ਦੂਸਰੀ ਸੁਬ੍ਹਾ ਅਸੀਂ ਜ਼ਰਾ ਜਲਦੀ ਉੱਠੇ, ਗੁਆਂਢੀ ਸ਼ਾਇਦ ਅਜੇ ਜਾਗੇ ਨਹੀਂ ਸਨ। ਮੈਂ ਕਾਰ ਵਿਚ ਬੀਜੀ ਦਾ ਸਮਾਨ ਰੱਖਿਆ ਅਤੇ ਉਹ ਵਿਚ ਬੈਠ ਗਏ ਅਤੇ ਬਾਰੀ ਵਿਚ ਦੀ ਉਹ ਗੁਆਂਢੀਆਂ ਦੇ ਘਰ ਵੱਲ ਵੇਖ ਰਹੇ ਸਨ। ਸ਼ਾਇਦ ਉਨ੍ਹਾਂ ਦੇ ਦਿਲ ਨੂੰ ਉਸ ਘਰ ਵਿਚੋਂ ਇਹੋ ਆਵਾਜ਼ ਉੱਚੀ ਉੱਚੀ ਗੂੰਜਦੀ ਸੁਣਾਈ ਦੇ ਰਹੀ ਸੀ: "ਅਲਵਿਦਾ, ਅਲਵਿਦਾ, ਅਲਵਿਦਾ।" ●

# ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਵੱਲੋਂ ਪ੍ਰੈੱਸ-ਰੀਲੀਜ਼

1. ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਜਾਣੇ ਪਛਾਣੇ ਪੰਜਾਬੀ ਲੇਖਕ ਡਾਕਟਰ ਵਿਸ਼ਵਾਨਾਥ ਤਿਵਾੜੀ ਦੇ ਧਾਰਮਿਕ ਜਨੂੰਨੀਆਂ ਹੱਥੋਂ ਹੋਏ ਕਤਲ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ। ਜਨੂੰਨੀ ਇਸ ਹੱਦ ਤੱਕ ਭੂਤਰ ਗਏ ਹਨ ਕਿ ਸਾਧਾਰਨ ਲੋਕਾਂ ਦਾ ਜਿਉਣਾ ਦੁੱਭਰ ਹੋ ਗਿਆ ਹੈ। ਲੋਕ-ਪੱਖੀ ਪਰਚੇ 'ਚੰਗਿਆੜੀ' ਦੇ ਸੰਪਾਦਕ ਸੁਖਰਾਜ ਸਿੰਘ ਦਾ ਵਹਿਸ਼ੀਆਨਾ ਕਤਲ ਵੀ ਇਹੋ ਗੱਲ ਸਾਬਤ ਕਰਦਾ ਹੈ ਕਿ ਜਨੂੰਨੀ ਪੰਜਾਬ ਵਿਚ "ਜਨੂੰਨ - ਜਨੂੰਨੀ - ਜਨੂੰਨਿਸਤਾਨ" ਤੋਂ ਬਿਨਾਂ ਕੁਝ ਵੀ ਦੇਖਣਾ - ਸੁਣਨਾ ਨਹੀਂ ਚਾਹੁੰਦੇ।

ਅਸੀਂ ਡਾ: ਵਿਸ਼ਵਾਨਾਥ ਤਿਵਾੜੀ ਅਤੇ ਸੁਖਰਾਜ ਸਿੰਘ ਦੇ ਪਰਵਾਰਾਂ ਦਾ ਗ਼ਮ ਵੰਡਾਉਣ ਲਈ ਤਨੋ ਮਨੋ ਨਾਲ ਸ਼ਰੀਕ ਹੁੰਦੇ ਹਾਂ। ●

2. ਹੁਣੇ ਹੁਣੇ ਜ਼ਾਲਮ ਕੇਂਦਰੀ ਸਰਕਾਰ ਨੇ ਮੁੱਠੀ ਭਰ ਜਨੂੰਨੀਆਂ ਨੂੰ ਕਾਬੂ ਕਰਨ ਦੇ ਬਹਾਨੇ ਦੀ ਆੜ ਲੈ ਕੇ ਦਰਬਾਰ ਸਾਹਿਬ ਵਿਚ ਫੌਜ ਦੀਆਂ ਧਾੜਾਂ ਭੇਜ ਕੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਕੁਚਲਿਆ ਹੈ ਅਤੇ ਅਣਗਿਣਤ ਬੇ-ਗੁਨਾਹ ਲੋਕਾਂ ਦੇ ਖ਼ੂਨ ਨਾਲ ਹੋਲੀ ਖੇਡੀ ਹੈ। ਅਜੇਹੀ ਕਾਲੀ ਕਰਤੂਤ ਕੋਈ ਲੋਕ-ਦੁਸ਼ਮਣ ਸਰਕਾਰ ਹੀ ਕਰ ਸਕਦੀ ਹੈ, ਲੋਕ-ਪੱਖੀ ਸਰਕਾਰ ਹਰਗਿਜ਼ ਨਹੀਂ।

ਅਸੀਂ ਸਮੂਹ ਭਾਰਤੀਆਂ ਨੂੰ ਪੁਰਜ਼ੋਰ ਅਪੀਲ ਕਰਦੇ ਹਾਂ ਕਿ ਵਰਤਮਾਨ ਭਿਆਨਕ ਸੰਕਟ ਸਮੇ ਭਾਈਚਾਰਕ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਦਿਆਂ ਇਕ ਮੁੱਠ ਹੋ ਕੇ ਫੁੱਟਪਾਊ ਜਾਬਰ ਕੇਂਦਰੀ ਸਰਕਾਰ ਦਾ ਕੇਵਲ ਪੰਜਾਬ ਵਿਚੋਂ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚੋਂ ਖ਼ਾਤਮਾ ਕਰਨ ਦਾ ਉਪਰਾਲਾ ਕਰਨ, ਤਾਂ ਜੁ ਸਾਰੇ ਭਾਰਤੀ ਅਮਨ ਚੈਨ ਦੀ ਜ਼ਿੰਦਗੀ ਜੀ ਸਕਣ। ●

3. ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਵੱਲੋਂ 27 ਮਈ ਨੂੰ ਸਿਖਿਆਦਾਇਕ ਡਾਕੂਮੈਂਟਰੀ ਫਿਲਮਾਂ ਦਾ ਇਕ ਸ਼ਾਨਦਾਰ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਵੱਖ ਵੱਖ ਵਿਸ਼ਿਆਂ 'ਤੇ ਫਿਲਮਾਂ ਵਿਖਾਈਆਂ ਗਈਆਂ। ਪਹਿਲੀ ਫਿਲਮ ਸੀ: ਸੈਵਨ ਬਲੈਕ ਯੀਅਰਜ਼ (SEVEN BLACK YEARS) ਇਸ ਫਿਲਮ ਵਿਚ ਅਨੇਕਾਂ ਬੁੱਧੀਜੀਵੀਆਂ ਅਤੇ ਸਾਧਾਰਨ ਲੋਕਾਂ ਨਾਲ ਕੀਤੀਆਂ ਮੁਲਾਕਾਤਾਂ ਦੁਆਰਾ ਗਰੀਕ ਲੋਕਾਂ ਦੇ ਸੱਤ ਸਾਲਾਂ ਦੇ ਲੰਬੇ ਯੁੱਧ ਦੇ ਭਿਆਨਕ ਸਮੇ ਦੀਆਂ ਘਟਨਾਵਾਂ ਨੂੰ ਵਿਖਾਇਆ ਗਿਆ ਹੈ।

ਦੂਸਰੀ ਫਿਲਮ ਸੀ:- ਡਰਟੀ ਵਰਕ (DIRTY WORK) ਇਹ ਫਿਲਮ ਅਮਰੀਕਾ ਦੀ ਬਦਨਾਮ ਖੁਫੀਆ ਏਜੰਸੀ C.I.A. ਬਾਰੇ ਹੈ। C.I.A. ਦੇ ਰਹਿ ਚੁੱਕੇ ਅਨੇਕਾਂ ਉਚ ਅਧਿਕਾਰੀਆਂ ਨਾਲ ਮੁਲਾਕਾਤਾਂ ਰਾਹੀਂ ਇਸ ਫਿਲਮ ਵਿਚ ਵਿਖਾਇਆ ਗਿਆ ਹੈ ਕਿ ਕਿਵੇਂ ਵੱਖ ਵੱਖ ਢੰਗਾਂ ਨਾਲ ਇਹ ਖ਼ੁਫੀਆ ਏਜੰਸੀ ਦੂਸਰੇ ਦੇਸ਼ਾਂ ਵਿਚ ਰਾਜ-ਪਲਟੇ ਕਰਵਾਉਂਦੀ ਹੈ। ਕਿਸ ਤਰ੍ਹਾਂ ਉਥੋਂ ਦੀਆਂ ਮੰਡੀਆਂ ਕੰਟਰੋਲ ਕਰਨ ਲਈ ਸਰਮਾਏਦਾਰ ਵਿਪਾਰੀਆਂ ਰਾਹੀਂ ਦਖਲ-ਅੰਦਾਜ਼ੀ ਕਰਦੀ ਹੈ ਅਤੇ ਕਿਸ ਤਰ੍ਹਾਂ ਉਨ੍ਹਾਂ ਮੁਲਕਾਂ ਦੀਆਂ ਅਗਾਂਹਵਧੂ ਲਹਿਰਾਂ ਨੂੰ ਉਥੋਂ ਦੀਆਂ ਪਿਛਾਂਹਖਿੱਚੂ ਤਾਕਤਾਂ ਨਾਲ ਰਲ ਕੇ ਨੁਕਸਾਨ ਪਹੁੰਚਾਉਂਦੀ ਹੈ।

ਇਹ ਦੋਨੋਂ ਫਿਲਮਾਂ ਐਡਮੰਟਨ ਲਰਨਰ ਸੈਂਟਰ (EDMONTON LEARNER CENTRE) ਤੋਂ ਮਿਲ ਸਕਦੀਆਂ ਹਨ।

ਤੀਸਰੀ ਫਿਲਮ ਸੀ: ਉਠਣ ਦਾ ਵੇਲਾ (A TIME TO RISE) ਇਹ ਫਿਲਮ ਵੈਨਕੂਵਰ ਵਿਚ ਖੇਤ-ਮਜ਼ਦੂਰਾਂ ਦੀਆਂ ਮੰਗਾਂ ਨੂੰ ਮੁੱਖ ਰੱਖ ਕੇ ਬਣਾਈ ਗਈ ਹੈ। ਕਾਫੀ ਚੰਗੀ ਤਰ੍ਹਾਂ ਇਸ ਫਿਲਮ ਵਿਚ ਵਿਖਾਇਆ ਗਿਆ ਹੈ ਕਿ ਖੇਤ-ਮਾਲਕ ਅਤੇ ਠੇਕੇਦਾਰ ਕਿਸ ਤਰ੍ਹਾਂ ਖੇਤ-ਮਜ਼ਦੂਰਾਂ ਦੀ ਅੰਨ੍ਹੀ ਲੁੱਟ ਕਰਦੇ ਹਨ - ਕਿਸ ਤਰ੍ਹਾਂ ਖੇਤ-ਮਜ਼ਦੂਰਾਂ ਨੂੰ ਅਣਮਨੁੱਖੀ ਹਾਲਤਾਂ ਵਿਚ ਕੰਮ ਕਰਨਾ ਪੈਂਦਾ ਹੈ ਜਿਥੇ ਕੋਈ ਸਹੂਲਤ ਨਹੀਂ, ਕੋਈ ਮੁਆਵਜ਼ਾ (COMPENSATION) ਨਹੀਂ। ਅਖੀਰ ਵਿਚ ਵਿਖਾਇਆ ਗਿਆ ਹੈ ਕਿ ਕਿਵੇਂ ਖੇਤ-ਮਜ਼ਦੂਰ ਜਥੇਬੰਦ ਹੋ ਕੇ ਆਪਣੇ ਹੱਕਾਂ ਲਈ ਲੜਦੇ ਹਨ ਅਤੇ ਖੇਤ-ਮਜ਼ਦੂਰ ਯੂਨੀਅਨ ਬਣਾਉਣ ਵਿਚ ਕਾਮਯਾਬ ਹੋ ਜਾਂਦੇ ਹਨ।

ਇਹ ਗੱਲ ਧਿਆਨ ਵਿਚ ਲਿਆਉਣ ਯੋਗ ਹੈ ਕਿ ਇਸ ਫਿਲਮ ਨੂੰ ਜਰਮਨੀ ਵਿਚ ਹੋਏ ਅੰਤਰ-ਰਾਸ਼ਟਰੀ ਫਿਲਮ ਮੇਲੇ ਵਿਚ ਇਨਾਮ ਮਿਲਿਆ ਹੈ ਪਰ ਹਿੰਦੁਸਤਾਨ ਦੀ ਲੋਕ-ਦੋਖੀ ਸਰਕਾਰ ਨੇ ਇਸ ਫਿਲਮ ਨੂੰ ਹਿੰਦੁਸਤਾਨ ਵਿਚ ਰੀਲੀਜ਼ ਕਰਨ ਜਾਂ ਵਿਖਾਉਣ 'ਤੇ ਪਾਬੰਦੀ ਲਾਈ ਹੋਈ ਹੈ। ਇਹ ਫਿਲਮ ਨੈਸ਼ਨਲ ਫਿਲਮ ਬੋਰਡ (NATIONAL FILM BOARD) ਤੋਂ ਮਿਲ ਸਕਦੀ ਹੈ।

ਪ੍ਰੋਗਰਾਮ ਦੇ ਦਰਮਿਆਨ ਇਨਕਲਾਬੀ ਗੀਤ ਪੇਸ਼ ਕੀਤੇ ਗਏ।

ਐਡਮੰਟਨ ਵਿਚ ਇਸ ਤਰ੍ਹਾਂ ਦਾ ਇਹ ਦੂਸਰਾ ਪ੍ਰੋਗਰਾਮ ਸੀ। ਏਸੇ ਹੀ ਐਸੋਸੀਏਸ਼ਨ ਨੇ ਪਿਛਲੇ ਸਾਲ ਐਡਮੰਟਨ ਵਿਚ ਭਾਰਤ ਵਿਚ ਇਨਕਲਾਬੀ ਲਹਿਰ ਅਤੇ ਐਮਰਜੰਸੀ ਦੌਰਾਨ ਸਰਕਾਰ ਦੁਆਰਾ ਕੀਤੇ ਗਏ ਜ਼ੁਲਮੋ-ਤਸ਼ੱਦਦ ਬਾਰੇ ਫਿਲਮ 'PRISONERS OF CONSCIOUS' ਵਿਖਾਈ ਸੀ। ਜੇ ਇਸੇ ਤਰ੍ਹਾਂ ਲੋਕਾਂ ਵੱਲੋਂ ਸਾਨੂੰ ਉਤਸ਼ਾਹ ਮਿਲਦਾ ਰਿਹਾ ਤਾਂ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਹੋਰ ਵੀ ਅਜੇਹੇ ਪ੍ਰੋਗਰਾਮ ਕਰਿਆ ਕਰੇਗੀ। ●

---


ਕੈਨੇਡਾ ਦੇ ਪ੍ਰਸਿੱਧ ਨਾਵਲਕਾਰ ਕੇਸਰ ਸਿੰਘ ਦੇ ਪੜ੍ਹਨ ਯੋਗ ਨਾਵਲ:

ਜੰਞ ਲਾੜਿਆਂ ਦੀ — ਸਿੰਘ ਸਾਹਿਬ ਦੀ ਸ਼ਹਾਦਤ — ਸ਼ਹੀਦ ਊਧਮ ਸਿੰਘ — ਜੰਗੀ ਕੈਦੀ

ਸ਼ਹੀਦ ਮੇਵਾ ਸਿੰਘ ਲੋਪੋਕੇ — ਬਾਬਾ ਹਰੀ ਸਿੰਘ ਉਸਮਾਨ — ਸ਼ਹੀਦ ਮਦਨ ਲਾਲ ਢੀਂਗਰਾ — ਲਹਿਰ ਵਧਦੀ ਗਈ

ਮਿਲਣ ਦਾ ਪਤਾ: KESAR SINGH, 13487-98A AVE, SURREY, B.C., V3T 1C7.



## ਵੈਨਕੂਵਰ ਦੇ ਪ੍ਰਗਤੀਵਾਦੀ ਲਿਖਾਰੀਆਂ ਦਾ ਫਿਰਕੂ ਜਨੂੰਨ ਵਿਰੁਧ ਸਟੈਂਡ

# ਪੰਜਾਬ ਤੇ ਪੰਜਾਬੀ ਲੇਖਕ

ਪੰਜਾਬ ਵਿਚ ਅੱਜ ਜੋ ਕੁਝ ਵਾਪਰ ਰਿਹਾ ਹੈ ਸਾਡੇ ਸਭ ਲਈ ਬਹੁਤ ਦੁਖਦਾਈ ਹੈ। ਆਪਣੇ ਹੀ ਵਤਨ ਵਿਚ ਕਿਸੇ ਦੀ ਇੱਜ਼ਤ ਦੀ, ਕਿਸੇ ਦੀ ਜਾਨ ਦੀ ਸੁਰਖਿਆ ਨਹੀਂ ਰਹੀ। ਦਿਨ ਦਿਹਾੜੇ ਡਾਕੇ ਪੈ ਰਹੇ ਹਨ। ਬੱਸਾਂ ਗੱਡੀਆਂ ਤੇ ਸਫਰ ਕਰ ਰਹੇ ਮੁਸਾਫਰ ਜ਼ਲੀਲ ਹੋ ਰਹੇ ਹਨ ਤੇ ਗੋਲੀਆਂ ਦਾ ਨਿਸ਼ਾਨਾ ਬਣ ਰਹੇ ਹਨ। ਸੁਮੀਤ ਸਿੰਘ ਪ੍ਰੀਤਲੜੀ ਅਤੇ ਵਿਸ਼ਵਾਨਾਥ ਤਿਵਾੜੀ ਵਰਗੇ ਲੇਖਕ ਜਿਨ੍ਹਾਂ ਨੇ ਪੰਜਾਬੀ ਬੋਲੀ ਲਈ ਸਾਰੀ ਉਮਰ ਘਾਲਣਾ ਘਾਲੀ, ਉਹ ਵੀ ਪੰਜਾਬੀਆਂ ਹੱਥੋਂ ਹੀ ਕਤਲ ਹੋ ਗਏ। ਕਿਨੀ ਸ਼ਰਮਨਾਕ ਸਥਿਤੀ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਪੰਜਾਬ ਉਨਤੀ ਕਰਦਾ ਕਰਦਾ ਅਚਾਨਕ ਪਿੱਛੇ ਨੂੰ ਮੁੜਨ ਲੱਗ ਪਿਆ ਹੋਵੇ। ਨਹੀਂ ਤਾਂ ਸਾਂਝੀਵਾਲਤਾ ਅਤੇ ਵਿਗਿਆਨ ਦੇ ਇਸ ਯੁੱਗ ਵਿਚ ਪੰਜਾਬ ਜਹਾਲਤ ਅਤੇ ਜ਼ੁਲਮ ਦੇ ਚੰਗੇਜ਼ੀ ਰਾਹ ਤੇ ਕਿਉਂ ਤੁਰ ਪਿਆ।

ਇਸ ਸਥਿਤੀ ਦਾ ਜ਼ਿੰਮੇਵਾਰ ਕੌਣ ਹੈ? ਸਰਕਾਰ, ਸਿੱਖ ਲੀਡਰ, ਅਤੇ ਹਿੰਦੂ ਲੀਡਰ ਇਕ ਦੂਜੇ ਤੇ ਫਤਵੇ ਲਾ ਰਹੇ ਹਨ। ਇਸ ਰਾਮ ਘਚੋਲੇ ਵਿਚ ਆਮ ਲੋਕ ਉਕਾ ਝੁੰਜਲਾ ਗਏ ਹਨ। ਪਰ ਅਸਲ ਦੋਸ਼ੀ ਉਹ ਹਨ ਜੋ ਪਹਿਲਾਂ ਲੋਕਾਂ ਦੀ ਧਾਰਮਕ ਸ਼ਰਧਾ ਨੂੰ ਜਨੂੰਨ ਵਿਚ ਬਦਲ ਦਿੰਦੇ ਹਨ ਤੇ ਫੇਰ ਆਪਣੀ ਵਜ਼ੀਰੀ, ਲੀਡਰੀ, ਹਉਮੈਂ ਨੂੰ ਕਾਇਮ ਰੱਖਣ ਦੀ ਖਾਤਰ ਇਸ ਜਨੂੰਨ ਨੂੰ ਵਰਤਦੇ ਹਨ। ਇਤਿਹਾਸ ਅਜਿਹੇ ਸਵਾਰਥੀ ਅਤੇ ਵਿਸਾਹਘਾਤੀ 'ਲੀਡਰਾਂ' ਨੂੰ ਕਦੇ ਮੁਆਫ ਨਹੀਂ ਕਰੇਗਾ। ਲੋਕ ਫੋਕੇ ਵਕਾਰ ਅਤੇ ਹੰਕਾਰ ਨੂੰ ਸਦਾ ਸਹਿਣ ਨਹੀਂ ਕਰ ਸਕਦੇ।

ਅੱਜ ਪੰਜਾਬ ਦੇ ਪਿੰਡੇ ਤੇ ਜੋ ਫੱਟ ਲੱਗੇ ਹਨ ਉਹਨਾਂ ਚੋਂ ਡੁਲ੍ਹੇ ਖੂਨ ਦੀਆਂ ਛਿੱਟਾਂ ਦੂਰ ਦੂਰ ਤੱਕ ਉਡੀਆਂ ਹਨ। ਇਹ ਛਿੱਟਾਂ ਸਾਡੇ ਵਿਦੇਸ਼ਾਂ 'ਚ ਬੈਠੇ ਪੰਜਾਬੀਆਂ ਤੇ ਵੀ ਪਈਆਂ ਹਨ ਤੇ ਸਾਰੀ ਦੁਨੀਆਂ ਨੇ ਵੇਖੀਆਂ ਹਨ, ਜਿਸ ਨਾਲ ਬਾਕੀ ਕੌਮਾਂ ਵਿਚ ਸਾਡਾ ਸਿਰ ਨੀਵਾਂ ਹੋਇਆ ਹੈ। ਪਰ ਕੀ ਅਸੀਂ ਕੈਨੇਡਾ ਵਿਚ ਰਹਿੰਦੇ ਲੇਖਕ, ਅਤੇ ਬੁੱਧੀਜੀਵੀ ਇਸ ਸਥਿਤੀ ਉਤੇ ਅਫਸੋਸ ਕਰਦੇ ਰਹੀਏ, ਚਿੰਤਾ ਪ੍ਰਗਟ ਕਰਦੇ ਰਹੀਏ ਜਾਂ ਕੁਝ ਹੋਰ ਵੀ ਕਰੀਏ।

ਇਹ ਸਵਾਲ ਵਤਨੋਂ ਦੂਰ ਦੇ ਸੰਪਾਦਕ ਸੁਰਿੰਦਰ ਧੰਜਲ ਨੇ ਜਨਵਰੀ/ਫਰਵਰੀ 84 ਦੇ ਅੰਕ ਵਿਚ ਉਠਾਇਆ ਸੀ। ਹੁਣ ਵੈਨਕੂਵਰ ਤੋਂ ਛਪਦੇ ਅੰਗਰੇਜ਼ੀ ਅਖਬਾਰ ਦੇ ਸੰਪਾਦਕ ਪ੍ਰਮੋਦਪੁਰੀ ਨੇ ਵੀ ਇਹੋ ਪ੍ਰਸ਼ਨ ਦੁਹਰਾਇਆ ਹੈ ਤੇ ਕੈਨੇਡਾ ਵਿਚ ਵਸਦੇ ਲੇਖਕਾਂ ਨੂੰ ਪੰਜਾਬ ਦੀ ਸਥਿਤੀ ਬਾਰੇ ਨਿਰਪੱਖਤਾ ਨਾਲ ਲਿਖਣ ਦੀ ਚੁਣੌਤੀ ਦਿੱਤੀ ਹੈ। 'ਲਿੰਕ' ਨੇ ਪੰਜਾਬ ਦੀ ਸਥਿਤੀ ਨੂੰ ਅਕਸਰ ਗੰਭੀਰਤਾ, ਨਿਰਪੱਖਤਾ ਅਤੇ ਨਿੱਡਰਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ। ਅਸੀਂ ਇਨ੍ਹਾਂ ਸੰਪਾਦਕਾਂ ਨਾਲ ਆਪਣੀ ਸਹਿਮਤੀ ਪ੍ਰਗਟ ਕਰਦੇ ਹਾਂ ਅਤੇ ਕੈਨੇਡਾ ਵਿਚ ਵਸਦੇ ਸਮੂਹ ਲੇਖਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪੰਜਾਬ ਦੀ ਵਰਤਮਾਨ ਸਥਿਤੀ ਨੂੰ ਗੰਭੀਰਤਾ ਨਾਲ ਘੋਖਣ ਅਤੇ ਇਸ ਬਾਰੇ ਆਪਣੇ ਸੰਤੁਲਤ ਵਿਚਾਰ ਨਿੱਡਰਤਾ ਨਾਲ ਪੇਸ਼ ਕਰਨ।

ਕੈਨੇਡਾ ਦੇ ਜਿਨ੍ਹਾਂ ਪੱਤਰਕਾਰਾਂ ਨੇ ਪੰਜਾਬ ਦੀ ਸਥਿਤੀ ਬਾਰੇ ਸੰਤੁਲਤ ਅਤੇ ਸਿਹਤਮੰਦ ਰਵੱਈਆ ਇਖਤਿਆਰ ਕਰੀ ਰੱਖਿਆ ਹੈ ਅਸੀਂ ਉਨ੍ਹਾਂ ਦੀ ਸਰਾਹਨਾ ਕਰਦੇ ਹਾਂ ਅਤੇ ਉਮੀਦ ਰਖਦੇ ਹਾਂ ਕਿ ਉਹ ਅੱਗੋਂ ਤੋਂ ਵੀ ਅਜਿਹਾ ਉਸਾਰੂ ਸਟੈਂਡ ਅਪਨਾਈ ਰੱਖਣਗੇ।

| | |
|---|---|
| ਗੁਰਚਰਨ ਰਾਮਪੁਰੀ | ਅਜਮੇਰ ਰੋਡੇ |
| ਸੁਰਜੀਤ ਕਲਸੀ | ਸੁਖਵੰਤ ਹੁੰਦਲ |
| ਮੱਖਣ ਟੁਟ | ਸਾਧੂ |
| ਅਮਰਜੀਤ ਚਾਹਲ | |

## ਇੰਡੋ-ਕੈਨੇਡੀਅਨ ਟਾਈਮਜ਼ ਦੇ ਸੰਪਾਦਕ ਦੇ ਨਾਂ ਇਕ ਖ਼ਤ

# ਅਖਬਾਰ, ਐਡੀਟਰ ਅਤੇ ਲਿਖਾਰੀ

ਪਿਆਰੇ ਸੰਪਾਦਕ ਜੀ,

ਸਤਿ ਸ੍ਰੀ ਅਕਾਲ।

ਤੁਹਾਡੇ ਪਰਚੇ ਦੇ ਪਿਛਲੇ ਅੰਕ ਵਚ ਵੈਨਕੂਵਰ ਦੇ ਕੁਝ ਲਿਾਰੀਆਂ ਸਰਬਸ਼੍ਰੀ ਗੁਰਚਰਨ ਰਾਮਪੁਰੀ, ਸਾਧੂ ਅਜਮੇਰ ਰੋਡੇ, ਸੁਰਜੀਤ ਕਲਸੀ, ਅਮਰਜੀਤ ਚਾਹਲ, ਸੁਖਬੰਤ ਹੁੰਦਲ ਅਤੇ ਮੱਖਣ ਟੁੱਟ ਵਲੋਂ ਲਿਖਿਆ ਇਕ ਸਾਂਝਾ ਬਿਆਨ ਪੜਿਆ ਲਿਖਾਰੀਆਂ ਨੇ ਇਸ ਬਿਆਨ ਵਿਚ ਕਈ ਗਲਾਂ ਕੀਤੀਆਂ ਹਨ। ਪਹਿਲਾਂ ਉਹਨਾਂ ਪੰਜਾਬ ਵਿਚ ਹੋ ਰਹੀਆਂ ਫਿਰਕੂ ਘਟਨਾਵਾਂ ਦੀ ਨਿਖੇਧੀ ਕੀਤੀ ਹੈ ਦੂਜੇ ਉਹਨਾਂ ਨੇ ਵਤਨੋਂ ਦੂਰ ਅਤੇ ਲਿੰਕ ਅਖਬਾਰ ਦੀ ਪ੍ਰਸੰਸਾ ਕੀਤੀ ਹੈ। ਕਿ ਉਹਨਾਂ ਪੰਜਾਬ ਦੇਮਸਲੇ ਵਾਰੇ "ਨਿਰਪੱਖਤਾ ਨਾਲ ਲਿਖਣ ਦੀ ਚਣੌਤੀ ਦਿਤੀ ਹੈ" ਅਤੇ "ਸਥਿਤੀ ਨੂੰ ਨਿਰਪੱਖਤਾ ਅਤੇ ਨਿਡਰਤਾ ਨਾਲ ਪੇਸ਼ ਕਰਨ ਦਾ ਯਤਨ ਕੀਤਾ ਹੈ" ਮੈਂ ਲਿਖਾਰੀਆਂ ਦੇ ਇਹਨਾਂ ਵਿਚਾਰਾਂ ਨਾਲ ਸਹਿਮਤ ਹਾਂ।

ਇਹਨਾਂ ਲਿਖਾਰੀਆਂ ਇੰਡੋਕਨੇਡੀਅਨ ਟਾਈਮਜ਼ ਅਤੇ ਕੈਨੇਡਾ ਦਰਪਣ ਵਾਰੇ ਕਿਉਂ ਕੋਈ ਸ਼ਬਦ ਨਹੀਂ ਲਿਖਿਆ। ਜਦੋਂ ਕਿ ਇਹ ਦੋਵੇ ਪੰਜਾਬੀ ਦੇ ਹਫਤਾਵਾਰੀ ਪਰਚੇ ਹਨ। ਇਹ ਆਪੋਂ ਆਪਣੇ ਢੰਗ ਨਾਲ ਮਾੜਾ ਜਾਂ ਚੰਗਾ ਪ੍ਰਭਾਵ ਪਾ ਰਹੇ ਹਨ। ਇਸ ਦਾ ਕਾਰਨ ਉਹਨਾਂ ਨੂੰ ਲਿਖਣਾ ਚਾਹੀਦਾ ਸੀ।

ਇਸ ਬਿਆਨ ਵਿਚ ਉਹਨਾਂ ਦੋ ਹੋਰਗੱਲਾਂ ਵੀ ਕੀਤੀਆਂ ਹਨ, ਪਹਿਲੀ ਇਹ ਕਿ "ਪੰਜਾਬ ਦੇ ਪਿੰਡੇ ਉਪਰ ਲੱਗੇ ਫੱਟਾਂ ਦੇ ਖੂਨ ਦੀਆਂ ਛਿੱਟਾਂ ਇਥੇ ਸਾਡੇ ਉਪਰ ਵੀ ਡਿੱਗੀਆਂ ਹਨ।" ਇਹ ਠੀਕ ਹੈ ਕਿ ਪੰਜਾਬ ਦੀਆਂ ਘਟਨਾਵਾਂ ਦਾ ਅਸਰ ਇਥੇ ਸਾਡੇ ਉਪਰ ਹੋਇਆ ਹੈ ਪਰ ਜਦੋਂ ਉਹ ਪੁੱਛਦੇ ਹਨ "ਜਿਮੇਵਾਰ ਕੌਣ ਹੈ" ਤਾਂ ਉਹ ਇਸ ਦਾ ਉਤਰ ਨਹੀਂ ਦਿੰਦੇ। ਫਿਰ ਉਹ ਕਹਿੰਦੇ ਹਨ, "ਪਰ ਕੀ ਅਸੀਂ ਕਨੇਡਾ ਵਿਚ ਰਹਿੰਦੇ ਲੇਖਕ ਅਤੇ ਬੁਧੀਜੀਵੀ ਇਸ ਸਥਿਤੀ ਉਤੇ ਅਫਸੋਸ ਕਰਦੇ ਰਹੀਏ। ਚਿੰਤਾ ਪ੍ਰਗਟ ਕਰਦੇ ਰਹੀਏ। ਜਾਂ ਕੁਝ ਹੋਰ ਵੀ ਕਰੀਏ" ਲਿਖਾਰੀ ਸੱਜਣਾਂ ਗਰਜ ਤਾਂ ਸ਼ੇਰ ਵਾਲੀ ਮਾਰ ਦਿਤੀ ਪਰ ਹੋਰ ਕੁਝ ਕਰ ਗੁਜ਼ਰਨ ਦਾ ਕੀ ਅਸਲੀ ਸਬੂਤ ਦਿਤਾ ਹੈ। ਉਹ ਇੰਡੋਕਨੇਡੀਅਨ ਟਾਈਮਜ਼ ਵੱਲ ਉਂਗਲ ਕਿਉਂ ਨਹੀਂ ਕਰ ਸਕੇ, ਜੋ ਕੈਨੇਡਾ ਵਿਚ ਪੰਜਾਬ ਦੇ ਖੂਨ ਦੀਆਂ ਛਿੱਟਾਂ ਦੀ ਥੈਅ ਖਿਲਾਰਨ ਦਾ ਜ਼ਿਮੇਵਾਰ ਹੈ। ਕੀ ਉਹ ਇੰਡੋਕੈਨੇਡੀਅਨ ਦੇ ਐਡੀਟਰ ਦੀ ਫਸਾਦਣ ਕਲਮ ਤੋਂ ਡਰਦੇ ਹਨ। ਰਾਮਪੁਰੀ ਜੀ ਨੂੰ ਤਾਂ ਇਸ ਦਾ ਤਲਖ ਤਜ਼ਰਬਾ ਹੈ ਪਰ ਬਾਕੀ ਲਿਖਾਰੀ ਕਿਓਂ ਮੋਕ ਮਾਰ ਗਏ।

ਦੂਜੀ ਗਲ ਲਿਖਾਰੀਆਂ ਲਿਖਿਆ ਹੈ ਕਿ ਕੈਨੇਡਾ ਦੇ ਜਿਹਨਾਂ ਪਤਰਕਾਰਾਂ ਨੇ ਪੰਜਾਬ ਦੀ ਸਥਿਤੀ ਵਾਰੇ ਸੰਤੁਲਤ ਅਤੇ ਸੇਹਤਮੰਦ ਰਵੱਈਆਂ ਇਖਤਿਆਰ ਕਰ ਰਖਿਆ ਅਸੀਂ ਉਹਨਾ ਦੀ ਸਰਾਹਣਾ ਕਰਦੇ ਹਾਂ।' ਉਹ ਕਿਹੜੇ ਪਤਰਕਾਰ ਹਨ ' ਨਿਸਚੇ ਹੀ ਵਤਨੋਂ ਦੂਰ ਤੇ ਲਿੰਕ ਤੋਂ ਵੱਖ ਕੋਈ ਹੋਰ ਹੋਣਗੇ। ਮੇਰੀ ਰਾਏ ਵਿਚ ਉਹ ਕੈਨੇਡਾ ਦਰਪਣ ਹੈ। ਇਹ ਗਲਤ ਨਹੀਂ ਹੋਵੇਗਾ ਜੋ ਉਸਨੂੰ ਵਤਨੋਂ ਦੂਰ ਅਤੇ ਲਿੰਕ ਤੋਂ ਪਹਿਲਾਂ ਰੱਖ ਲਈਏ। ਪਰ ਲਿਖਾਰੀਆਂ ਇੰਡੋਕੈਨੇਡੀਅਨ ਦੀ ਕੋਰੀ ਅੱਖ ਤੋਂ ਡਰਦਿਆਂ ਇਥੇ ਵੀ ਬੁਜ਼ਦਿਲੀ ਦਿਖਾ ਦਿਤੀ। ਉਹਨਾਂ ਇਥੇ ਵੀ ਕੈਨੇਡਾ ਦਰਪਣਾਂ ਨਾਂ ਲੈਣ ਦੀ ਹਿੰਮਤ ਨਹੀਂ ਵਿਖਾਈ। ਫਿਰ ਕੁਝ ਹੋਰ ਵੀ ਕਰੀਏ 'ਹਵਾ ਵਿਚ ਆਖਕੇ ਹੀ ਫੂਕ ਮਾਰ ਦਿਤੀ। ਕੈਨੇਡਾ ਦਰਪਣ ਨੇ ਗੈਰ ਫਿਰਕੂ ਢੰਗ ਨਾਲ ਖਬਰਾਂ ਆਰਟੀਕਲ ਅਤੇ ਸੰਪਾਦਕੀਆਂ ਈਮਾਨਦਾਰੀ ਨਾਲ ਛਾਪੀਆਂ।

ਇਹ ਝੂਠ ਨਹੀ ਕਿ ਜੇ ਇੰਡੋਕੈਨੇਡੀਅਨ ਦੇ ਮੁਕਾਬਲੇ ਉਤੇ ਕੈਨੇਡਾ ਦਰਪਣ ਨਾਂ ਹੁੰਦਾ ਤਾਂ ਇੰਡੋਕੈਨੇਡੀਅਨ ਦੇ ਪਰਚਾਰੇ ਜਾਨੂੰਨ ਦਾ ਇਥੇ ਵੀ ਅਸਰ ਹੁੰਦਾ। ਇਥੇ ਵੀ ਹਿੰਦੂਆਂ ਉਪਰ ਹਮਲੇ ਹੁੰਦੇ ਇਥੇ ਵੀ ਹਿੰਦੂ ਸਟੋਰਾਂ ਦੇ ਮਾਲਕਾਂ ਦੇ ਕਤਲ ਹੁੰਦੇ ਇਥੇ ਵੀ ਅਖੌਤੀ ਮਹਾਸ਼ਾ ਪੱਖੀ ਸਿੱਖਾਂ ਦੇ ਕਤਲ ਕੀਤੇ ਹੁੰਦੇ। ਮੈਂ ਲਿਖਾਰੀਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਮੇਰੇ ਕੌੜੇ ਬੋਲਾਂ ਦਾ ਬੁਰਾ ਨਾ ਮੰਨਾਉਣ। ਇਹ ਜੋ ਮੈਂ ਲਿਖਿਆ ਹੈ ਇਹ ਉਹਨਾਂ ਨੂੰ ਹੀ ਲਿਖਣਾ ਚਾਹੀਦਾ ਸੀ ਤਦ ਹੀ ਉਹਨਾਂ ਦਾ "ਕੁਝ ਹੋਰ ਵੀ ਕਰੀਏ।" ਦਾ ਜ਼ੈਕਾਰਾ ਕੋਈ ਅਰਥ ਰਖਾਉਂਦਾ

(ਬਾਕੀ ਸਫ਼ਾ 35)

# ਗਰੈਂਡ ਪਰੇਰੀ, ਅਲਬਰਟਾ ਵਿਚ ਸ਼ਹੀਦ ਭਗਤ ਸਿੰਘ-ਰਾਜਗੁਰੂ-ਸੁਖਦੇਵ ਯਾਦਗਾਰੀ ਸੱਭਿਆਚਾਰਕ ਪ੍ਰੋਗਰਾਮ

31 ਮਾਰਚ 1984 ਨੂੰ ਗਰੈਂਡ ਪਰੇਰੀ ਦੇ ਹਿੰਦੁਸਤਾਨੀ ਲੋਕਾਂ ਵਲੋਂ ਸ਼ਹੀਦ ਭਗਤ ਸਿੰਘ—ਰਾਜਗੁਰੂ-ਸੁਖਦੇਵ ਯਾਦਗਾਰੀ ਸਭਿਆਚਾਰਕ ਪ੍ਰੋਗਰਾਮ ਗਰੈਂਡ ਪਰੇਰੀ ਰੀਜ਼ਨਲ ਕਾਲਜ ਵਿਚ ਮਨਾਇਆ ਗਿਆ। ਕੈਨੇਡਾ ਵਿਚ ਉਭਰ ਰਹੇ ਸਥਾਨਕ ਕਲਾਕਾਰਾਂ ਵਲੋਂ ਕੀਤੇ ਗਏ ਅਜਿਹੇ ਪ੍ਰੋਗਰਾਮ ਬਹੁਤ ਘੱਟ ਦੇਖਣ ਵਿਚ ਆਉਂਦੇ ਹਨ। ਇਕ ਨਿਕੇ ਜਿਹੇ ਸ਼ਹਿਰ ਵਿਚ ਹੋਏ ਇਸ ਪ੍ਰੋਗਰਾਮ ਦੀ ਅਸਾਧਾਰਣ ਸਫਲਤਾ ਨਾਲ ਸਬੰਧਤ ਹੇਠ ਲਿਖੇ ਤੱਥ ਵਰਨਣ ਯੋਗ ਹਨ :

1. ਸਾਢੇ ਤਿੰਨ ਘੰਟੇ ਲੰਮੇ ਇਸ ਪ੍ਰੋਗਰਾਮ ਵਿਚ ਪੇਸ਼ ਹੋਈਆਂ ਸਾਰੀਆਂ items ਸ਼ਹੀਦ ਭਗਤ ਸਿੰਘ—ਰਾਜਗੁਰੂ—ਸੁਖਦੇਵ, ਇਨਕਲਾਬ ਅਤੇ ਅਗਾਂਹਵਧੂ ਦ੍ਰਿਸ਼ਟੀਕੋਣ ਨਾਲ ਸਬੰਧਤ ਸਨ।

2 ਸਟੇਜ ਤੇ ਭਾਗ ਲੈਣ ਵਾਲੇ ਤਿੰਨ ਦਰਜਨ ਤੋਂ ਵੱਧ ਵਿਅਕਤੀਆਂ ਵਿਚ ਗਰੈਂਡ ਪਰੇਰੀ ਦੇ ਬਹੁਤ ਸਾਰੇ ਸਥਾਨਕ ਕਲਾਕਾਰਾਂ ਨੂੰ ਪਹਿਲੀ ਵੇਰ ਸਟੇਜ ਤੇ ਜਾਣ ਦਾ ਮੌਕਾ ਮਿਲਿਆ।

3. ਪ੍ਰੋਗਰਾਮ ਵਿਚ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲੀਆਂ ਦੇ items ਸ਼ਾਮਲ ਸਨ। ਪ੍ਰੋਗਰਾਮ ਵਿਚ ਗਰੈਂਡ ਪਰੇਰੀ ਦੇ ਹਿੰਦੁਸਤਾਨੀਆਂ ਦੀ ਹਰ ਕਮਿਊਨਿਟੀ(ਪੰਜਾਬ, ਯੂ. ਪੀ. ਗੁਜਰਾਤ ਆਦਿ) ਦੀ ਪ੍ਰਤੀਨਿਧਤਾ ਸੀ।

4. ਪ੍ਰੋਗਰਾਮ ਵਿਚ ਵਰਾਇਟੀ ਬਹੁਤ ਸੀ : ਕਵਿਤਾਵਾਂ, ਗੀਤ, ਸਮੂਹ ਗਾਣ, ਕਵੀਸ਼ਰੀ, ਢਾਡੀ ਪ੍ਰਸੰਗ, ਭਾਸ਼ਨ, ਡਰਾਮਾ, ਗਿੱਧਾ ਅਤੇ ਖਾਸ ਤੌਰ ਤੇ ਬੱਚਿਆਂ ਦਾ ਸਮੂਹ-ਗਾਣ : "ਨਵੀਂ ਉਡਾਰੀ ਮਾਰ ਪੰਛੀਆ ! ਨਵੀਂ ਉਡਾਰੀ ਮਾਰ"।

5. ਐਡਮੰਟਨ ਤੋਂ ਜੁਗਿੰਦਰ ਰੰਧਾਵਾ ਅਤੇ ਸਾਥੀਆਂ ਵਲੋਂ ਚਾਰ ਪ੍ਰਭਾਵਸ਼ਾਲੀ ਇਨਕਲਾਬੀ ਗੀਤ ਪੇਸ਼ ਕੀਤੇ ਗਏ।

6. ਪੇਸ਼ ਕੀਤੀਆਂ ਗਈਆਂ ਰਚਨਾਵਾਂ ਵਿਚ ਪੰਜਾਬੀ ਦੇ ਇਨ੍ਹਾਂ ਲੇਖਕਾਂ ਦੇ ਗੀਤ/ਕਵਿਤਾਵਾਂ ਸ਼ਾਮਲ ਸਨ: ਸ਼ਹੀਦ ਕਰਤਾਰ ਸਿੰਘ ਸਰਾਭਾ, ਜੈਮਲ ਪੱਡਾ, ਕਸ਼ਮੀਰ ਕਾਦਰ, ਜਗਦੀਸ਼ ਨਾਹਰ, ਮੰਗਤ ਰਾਮ ਪਾਸਲਾ, ਸੁਰਿੰਦਰ ਧੰਜਲ ਅਤੇ ਸੰਤ ਰਾਮ ਉਦਾਸੀ ਦੇ ਤਿੰਨ ਗੀਤ।

7. ਸ਼ਹੀਦ ਕਰਤਾਰ ਸਿੰਘ ਸਰਾਭਾ ਤੋਂ ਲੈ ਕੇ ਸ਼ਹੀਦ ਊਧਮ ਸਿੰਘ(ਜਿਸ ਇਤਿਹਾਸਕ ਕਾਲ ਤੋਂ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀ ਪ੍ਰਭਾਵਤ ਹੋਏ; ਅਤੇ ਜਿਸ ਕਾਲ ਨੂੰ ਇਨ੍ਹਾਂ ਦੀ ਸ਼ਹਾਦਤ ਨੇ ਫੌਰੀ ਤੌਰ 'ਤੇ ਡੂੰਘੀ ਤਰਾਂ ਪ੍ਰਭਾਵਤਕੀਤਾ) ਤੱਕ ਇਨਕਲਾਬੀਆਂ ਦੀਆਂ ਤਸਵੀਰਾਂ ਅਤੇ ਹੋਰ ਇਤਿਹਾਸਕ ਦਸਤਾਵੇਜ਼ ਦੀ ਇਕ ਪਰਦਰਸ਼ਨੀ ਪ੍ਰੋਗਰਾਮ ਵਿਚ ਦਿਖਾਈ ਗਈ — ਹਰ ਤਸਵੀਰ ਹੇਠ ਅੰਗਰੇਜ਼ੀ ਵਿਚ ਸੰਖੇਪ ਜਾਣਕਾਰੀ ਸੀ - ਇਹ ਪਰਦਰਸ਼ਨੀ ਕੈਨੇਡਾ ਦੇ ਸਾਹਿਤਕ - ਸਭਿਆਚਾਰਕ ਪੱਤਰ 'ਵਤਨੋਂ ਦੂਰ' ਵਲੋਂ ਤਿਆਰ ਕੀਤੀ ਗਈ ਸੀ।

8. ਸ਼ਹੀਦ ਭਗਤ ਸਿੰਘ ਦੇ ਪਰਵਾਰ ਦੇ ਐਡਮੰਟਨ ਵਿਚ ਵਸਦੇ ਤਿੰਨ ਮੈਂਬਰ ਹਾਜ਼ਰ ਸਨ ਜਿਨ੍ਹਾਂ ਨੇ ਮੰਚ ਤੋਂ "ਆਪਸੀ ਏਕਤਾ, ਸ਼ਹੀਦਾਂ ਦੇ ਆਦਰਸ਼ਾਂ ਨੂੰ ਸਮਝਣ/ਸਮਝਾਉਣ, ਅਤੇ ਇਸ ਵਿਸ਼ੇ ਉਤੇ ਇਕ ਦੂਜੇ ਤੋਂ ਬਹੁਤ ਕੁਝ ਸਿਖਣ ਸਿਖਾਉਣ" ਦਾ ਸੁਨੇਹਾ ਦਿੱਤਾ।

9. ਗੁਰਸ਼ਰਨ ਸਿੰਘ ਦਾ ਲਿਖਿਆ ਡਰਾਮਾ 'ਇਨਕਲਾਬ ਜ਼ਿੰਦਾਬਾਦ' ਭਰਪੂਰ ਸਫਲਤਾ ਨਾਲ ਸਾਦਾ ਮੰਚ ਸ਼ੈਲੀ ਵਿਚ ਪੇਸ਼ ਕੀਤਾ ਗਿਆ। ਇਸ ਡਰਾਮੇ ਨੂੰ ਸੁਰਿੰਦਰ ਧੰਜਲ ਨੇ ਡਾਇਰੈਕਟ ਕੀਤਾ ਸੀ।

ਦੋ ਸਿੱਟੇ ਕੱਢੇ ਜਾ ਸਕਦੇ ਹਨ

— 'ਇਨਕਲਾਬ ਜ਼ਿੰਦਾਬਾਦ' ਡਰਾਮ ਦਾ ਕਾਮਯਾਬੀ ਉਨ੍ਹਾਂ ਲੋਕਾਂ ਲਈ ਇਕ ਸੁਨੇਹਾ ਹੈ ਜੋ ਸਮਝਦੇ ਹਨ ਕਿ ਕੁਝ ਖਾਸ ਕਲਾ ਵਾਲੇ ਨਿਪੁੰਨ ਚੰਦ ਵਿਅਕਤੀ ਹੀ ਅਜੇਹੀ ਮੁਹਾਰਤ ਰਖਦੇ ਹਨ। ਆਸ ਹੈ ਉਹ ਇਸ ਤੋਂ ਕੁਝ ਸਿੱਖਣਗੇ।

— ਵੈਨਕੂਵਰ ਤੇ ਗਰੈਂਡ ਪਰੇਰੀ ਦੇ ਡਰਾਮਾ ਗਰੁਪਾਂ ਵਲੋਂ ਪਹਿਲ ਕਦਮੀ ਕੈਨੇਡਾ ਵਿਚ ਪੰਜਾਬੀ ਮੰਚ ਦੀ ਸਫਲਤਾ ਲਈ ਇਕ ਰਾਹ-ਦਰਸਾਣਾ ਹੈ।

ਇਸ ਪ੍ਰੋਗਰਾਮ ਵਿਚ ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮੰਟਨ ਦੇ ਪ੍ਰਤੀਨਿਧਾਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ ਜਿਹੜੇ ਕਿ ਬਹੁਤ ਖੂਬਸੂਰਤ ਪ੍ਰਭਾਵ ਲੈ ਕੇ ਪਰਤੇ। ਕਲਾਕਾਰਾਂ ਵਿਚ ਇਕ ਨਵਾਂ ਜਜ਼ਬਾ ਜਗਾਉਣ ਲਈ ਇਸ ਪ੍ਰੋਗਰਾਮ ਦਾ ਵਿਸ਼ੇਸ਼ ਮਹੱਤਵ ਹੈ। ਬਹੁਤ ਸਾਰੇ ਨਵੇਂ ਕਲਾਕਾਰਾਂ ਨੂੰ ਤਿਆਰ ਕਰਨ ਤੇ ਪ੍ਰੋਗਰਾਮ ਦੀ ਪੱਧਰ ਨੂੰ ਨਿਖਾਰਨ ਵਿਚ ਸੁਰਿੰਦਰ ਧੰਜਲ ਦੀ ਲਗਨ ਤੇ ਮਿਹਨਤ ਦਾ ਮਹੱਤਵਪੂਰਨ ਰੋਲ ਪਰਤੱਖ ਸੀ। ●

# ਪੰਜਾਬੀ ਲਿਟਰੇਰੀ ਐਂਡ ਕਲਚਰਲ ਐਸੋਸੀਏਸ਼ਨ, ਵਿਨੀਪੈੱਗ ਵੱਲੋਂ ਪ੍ਰੈੱਸ ਰੀਲੀਜ਼

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿਨੀਪੈਗ ਦੀ ਮੀਟਿੰਗ 19 ਮਈ ਨੂੰ ਇੰਟਰਨੈਸ਼ਨਲ ਸੈਂਟਰ ਵਿਖੇ ਹੋਈ। ਸਰਬ ਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ ਗਏ :

1. ਚੰਗਿਆੜੀ ਦੇ ਸੰਪਾਦਕ ਸੁਖਰਾਜ ਸਿੰਘ ਖੱਦਰ ਦੇ ਫਿਰਕਾਪ੍ਰਸਤ ਦੇ ਹਥੋਂ ਕਤਲ ਕੀਤੇ ਜਾਣ ਦੀ ਸਭਾ ਪੁਰਜ਼ੋਰ ਨਿਖੇਧੀ ਕਰਦੀ ਹੈ। ਸਭਾ ਸੁਖਰਾਜ ਦੇ ਪਰਿਵਾਰ ਨਾਲ ਦਿਲੋਂ ਹਮਦਰਦੀ ਪ੍ਰਗਟ ਕਰਦੀ ਹੈ।

2. ਸਭਾ ਪੰਜਾਬ ਅਤੇ ਹਰਿਆਣੇ ਦੀ ਦਿਨ ਬਦਿਨ ਵਿਗੜ ਰਹੀ ਸਥਿਤੀ ਤੇ ਡੂੰਘਾ ਦੁਖ ਅਤੇ ਚਿੰਤਾ ਪ੍ਰਗਟ ਕਰਦੀ ਹੈ। ਵਖਰੇ ਸਿਆਸੀ ਅਤੇ ਧਾਰਮਿਕ ਵਿਚਾਰ ਰੱਖਣ ਵਾਲੇ ਵਿਅਕਤੀਆਂ ਦੇ ਫਿਰਕੂ ਜਨੂੰਨੀਆਂ ਹਥੋਂ ਹੁੰਦੇ ਘਿਨਾਉਣੇ ਕਤਲਾਂ ਦੀ ਸਭਾ, ਪੁਰਜ਼ੋਰ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਸਭਾ ਪੰਜਾਬ ਤੇ ਹਰਿਆਣੇ ਦੇ ਜਨਸਾਧਾਰਣ ਅਤੇ ਕਨੇਡਾ ਵਿਚ ਵਸਦੇ ਭਾਰਤੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਫਾਸ਼ਿਸ਼ਟ ਫਿਰਕਾਪ੍ਰਸਤ-ਸਿਆਸਤਦਾਨਾਂ ਦੀਆਂ ਚਾਲਾਂ ਤੋਂ ਬਚਣ ਅਤੇ ਆਪਸੀ ਪਿਆਰ ਤੇ ਏਕਤਾ ਬਣਾਈ ਰੱਖਣ।

**ਅਮਰਜੀਤ ਸਿੰਘ**

**ਪੰਜਾਬੀ ਲਿਟ. ਐਂਡ ਕਲਚਰਲ ਐਸੋ. ਵਿਨੀਪੈਗ**

---

ਸਫ਼ਾ 34 ਦੀ ਬਾਕੀ...

ਇੰਡੋਕੈਨੇਡੀਅਨ ਦਾ ਸੰਪਾਦਕ ਕਈ ਵਾਰ ਲਿਖਦਾਹੁੰਦਾਹੈ ਕਿ ਉਹ ਤਾਂ ਪੰਜਾਬ ਵਿਚ ਵਾਪਰਦੀਆਂ ਸੱਚੀਆਂ ਖਬਰਾਂ ਹੀ ਦੇ ਰਹੇ ਹਨ ਇਹ ਠੀਕ ਨਹੀਂ ਹੈ ਕਿਉਂ ਜੋ ਉਹ ਖਬਰਾਂ ਨੂੰ ਜੇਹੜੇ ਫਿਰਕੂ ਜਨੂੰਨ ਅਤੇ ਨਫਰਤ ਦੀ ਪਾਣਚਾੜ੍ਹਕੇ ਛਾਪਦੇ ਹਨ ਇਹ ਖਬਰਾਂ ਦੇ ਨਾਲ ਇੰਡੀਆਂ ਤੋਂ ਨਹੀਂ ਆਉਂਦੀ। ਇਹ ਉਹਨਾਂ ਦੀ ਆਪਣੇ ਦਿਮਾਗ ਦੀ ਪੈਦਾ ਕਰਕੇ ਚਾੜ੍ਹੀ ਹੋਈ ਪਾਣ ਹੈ।

ਵੀਰ ਤਾਰਾ ਸਿੰਘ ਇਸ ਨਾਲ ਤੁਹਾਡੀ ਇਜ਼ਤ ਨਹੀਂ ਵਧਦੀ। ਇਹ ਨਾਂ ਸਿੱਖੀ ਹੈ ਨਾਂ ਪੱਤਰਕਾਰੀ। ਥੋੜਾ ਸੱਚ ਤੇ ਈਮਾਨਦਾਰੀ ਦੇ ਰਾਹ ਤੁਰਕੇ ਦੇਖ ਕਿੰਨੀ ਇਜ਼ਤ ਵਧੇਗੀ। ਅਤੇ ਪੰਜਾਬੀਆਂ ਦੀ ਸੇਵਾ ਹੋਵੇਗੀ। ਇਹ ਮੇਰੀ ਨਿਮਾਣੀ ਸਲਾਹ ਵਿਚਾਰ ਦੇਖ ਲਵੀਂ ਜੇ ਰਾਸ ਆਈ ਤਾਂ ਅਮਲ ਕਰ ਦੇਖੀਂ ਨਹੀਂ ਤਾਂ ਮੇਰੇ ਵਾਰੇ ਵੀ ਦੋ ਚਾਰ ਸ਼ਬਦ ਦੂਜੇ ਪਾਸਿਓ ਬਚਾਕੇ ਵਰਤ ਦੇਵੀਂ। ਨਹੀਂ ਤਾਂ ਜੇਹੜੇ ਰਾਹ ਤੁਸੀਂ ਤੁਰੇ ਹੋ ਗੁਰਬਾਣੀ ਅਨੁਸਾਰ "ਨਰਕ ਘੋਰ ਕਾ ਦੁਆਰਾ" ਹੀ ਹੈ। ਜੇ ਏਧਰ ਤੁਰਕੇ ਤੁਹਾਨੂੰ ਕੁਝ ਲਾਭ ਹੁੰਦੇ ਹਨ ਤਾਂ ਤੁਹਾਨੂੰ ਇਹ ਰਾਹ ਮੁਬਾਰਕ ਹੋਵੇ। ਆਸ ਹੈ ਤੁਸੀਂ ਇਹ ਆਪਣੇ ਪਰਚੇ ਵਿਚ ਛਾਪ ਸਕੋਗੇ।

ਧੰਨਵਾਦ ਸਹਿਤ

ਗੁਰਦੇਵ ਸਿੰਘ ਰਿਚਮੰਡ।

ਕਾਪੀ: ਇੰਡੋ ਕੈਨੇਡੀਅਨ ਟਾਈਮਜ਼, ਕੈਨੇਡਾ ਦਰਪਣ ਤੇ ਵਤਨੋਂ ਦੂਰ।

# R.S. FOODS

7563 - 6th Street,
Burnaby, B.C. V3N 3M4

**PH: 522-4937**

ਹਰ ਪ੍ਰਕਾਰ ਦੀਆਂ ਦਾਲਾਂ, ਮਸਾਲੇ, ਅਚਾਰ ਤੇ ਹੋਰ ਭਾਰਤੀ ਗਰੋਸਰੀ ਲਈ ਸਾਡੇ ਸਟੋਰ ਤੇ ਦਰਸ਼ਨ ਦਿਓ!

ਵਿਆਹ, ਅਖੰਡ ਪਾਠ ਅਤੇ ਹੋਰ ਸਮਾਗਮਾਂ ਲਈ ਵਿਸ਼ੇਸ਼ ਰਿਆਇਤ !!

ਤਾਜ਼ਾ ਬੱਕਰੇ ਦਾ ਮੀਟ, ਮੁਰਗੇ ਦੀਆਂ ਲੱਤਾਂ, ਹਰੀਆਂ ਤਾਜ਼ਾ ਸਬਜ਼ੀਆਂ, ਵੀਡੀਓ ਮੂਵੀਜ਼ ਲਈ ਕਿਰਪਾ ਕਰਕੇ ਸਾਡੇ ਸਟੋਰ ਤੇ ਜ਼ਰੂਰ ਦਰਸ਼ਨ ਦਿਓ !!!

ਤੁਹਾਡਾ ਹਰ ਇੱਕ ਦਾ ਸਟੋਰ 'ਤੇ ਆਉਣ ਦਾ ਸੁਆਗਤ ਹੈ !!!!

STORE HOURS:

MON. thru THURS. / SAT. : 10:00 AM - 7:00 P.M.
FRIDAY: 10:00 A.M. - 9:00 P.M.
SUNDAY: 11:00 A.M. - 7:00 P.M.

# VICON MEDIC PHARMACY

ਵਾਈਕਾਨ ਫਾਰਮੇਸੀ

ਤੁਹਾਡੀ ਸਹੂਲਤ ਲਈ 6407 ਮੇਨ ਸਟਰੀਟ 'ਤੇ ਖੁੱਲ੍ਹ ਗਿਆ ਹੈ। ਇੱਥੋਂ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ 'ਤੇ ਖਰੀਦ ਸਕਦੇ ਹੋ।

ਖੁਦ ਆਓ ਅਤੇ ਅਜ਼ਮਾ ਕੇ ਦੇਖੋ :

**TEL: 324-3177**


**KENNY K. H. NG** B.Sc. (PHARM.) R.P.E.B.C.

**PAUL C. Y. FU** B.Sc. (PHARM.) R.P.E.B.C.

**6407 MAIN ST.
VANCOUVER, B.C.**

# PAUL'S

***PLUMBING & ELECTRICAL SUPPLY***



**'OPEN ON SUNDAYS TOO'**

**DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS? OUR PRICES ARE VERY COMPETITIVE AND WE ASSURE YOU WE WILL HAVE EVERYTHING FOR YOU TO FINISH YOUR JOB.**

***Contact Paul At:***
***4774 Main St. (at 32nd) Vancouver, B.C.***

***PH: 872-3118*** Supply
***872-7227*** Service

# ਬੁੱਕ ਕੀਪਿੰਗ, ਅਕਾਂਊਟਿੰਗ ਅਤੇ ਇਨਕਮ ਟੈਕਸ ਸਬੰਧੀ

**ਤਜਰਬੇਕਾਰ ਸਲਾਹ ਮਸ਼ਵਰੇ ਲਈ**

**ਮਿਲੋ ਜਾਂ ਫ਼ੂਨ ਕਰੋ**

**ਰਣਜੀਤ ਸਿੰਘ ਬੈਂਸ**

**REMEMBER**

**FOR ACCOUNTING, BOOKKEEPING INCOME TAX.
CALL OR VISIT**

**RANJIT SINGH BAINS**

**BAINS TAX & ACCOUNTING SERVICES
10-6679 MAIN STREET., VAN., B.C.
321-2132**

## ਪੰਜਾਬ

• ਸੁਰਜੀਤ ਪਾਤਰ •

ਓਦੋਂ ਵਾਰਸਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਏ
ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ
ਨਵਿਆਂ ਦੀ ਜੋ ਫੇਰ ਤਿਆਰੀ ਏ

ਮੈਨੂੰ ਤਾਂ ਸ਼ੇਖ ਫ਼ਰੀਦ ਬਿਨਾ
ਅਮਿਓਂ ਵੀ ਫਿਕਾ ਲਗਦਾ ਏ
ਮੈਨੂੰ ਤਾਂ ਸੰਤ ਕਬੀਰ ਬਿਨਾ
ਦੋਮੇਲ ਵੀ ਨਿਕਾ ਲਗਦਾ ਏ
ਜਾਂ ਤੁਸੀਂ ਹੀ ਬਹੁਤ ਸਿਆਣੇ ਹੋ
ਜਾਂ ਮੇਰੀ ਹੀ ਮਤ ਮਾਰੀ ਏ
ਜੋ ਵੀ ਜਗਦਾ ਮੇਰਾ ਹੈ
ਮੈਨੂੰ ਹਰ ਇਕ ਜੋਤ ਪਿਆਰੀ ਏ

ਅਸਮਾਨ ਜਿਦੇ ਲਈ ਥਾਲ ਜਿਹਾ
ਸੂਰਜ ਤੇ ਚੰਦ ਚਿਰਾਗ ਧਰੇ
ਤਾਰੇ ਜਿਸ ਖਾਤਰ ਮੋਤੀ ਸਨ
ਤੇ ਪਵਨ ਚਵਰ ਦਿਨ ਰਾਤ ਕਰੇ
ਉਸ ਸ਼ਾਇਰ ਦੀ ਕਵਿਤਾ ਦੇ ਵਿਚ
ਇਹ ਲੀਕ ਜਿਹੀ ਕਿਸ ਮਾਰੀ ਏ

ਮੈਂ ਕਦ ਕਹਿੰਨਾਂ ਇਨਸਾਫ ਨਾ ਮੰਗ
ਜਾਂ ਇਹ ਕਿ ਹੱਕ ਲਈ ਛੇੜ ਨ ਜੰਗ
ਪਰ ਦੁਸ਼ਮਣ ਦੀ ਪਹਿਚਾਣ ਤਾਂ ਕਰ
ਐਵੇਂ ਨਾ ਕਟ ਆਪਣੇ ਹੀ ਅੰਗ
ਇਉਂ ਖੰਭਾਂ ਦੀ ਤੌਹੀਨ ਨਾ ਕਰ
ਇਹ ਨਿਕੀ ਬਹੁਤ ਉਡਾਰੀ ਏ

ਜੋ ਆਪਣੀ ਮਾਂ ਨੂੰ ਮਾਂ ਨ ਕਹੇ
ਉਹ ਛਾਂ ਵਲੋਂ ਥੁੜ ਜਾਵੇਗਾ
ਧੁੱਪਾਂ ਬੇਗਾਨੀਆਂ ਸਹਿ ਸਹਿ ਕੇ
ਇਕ ਦਿਨ ਆਪੇ ਮੁੜ ਆਵੇਗਾ
ਉਸ ਨੂੰ ਜਾਪੇਗਾ ਵਾਜ ਜਿਵੇਂ
ਓਦੀ ਠੰਢੜੀ ਮਾਂ ਨੇ ਮਾਰੀ ਏ

ਦੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਭੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਜੋ ਛਾਂ ਦੇ ਬਹਾਨੇ ਖਾ ਜਾਂਦੇ
ਰੁੱਖਾਂ ਦੇ ਖ਼ਿਲਾਫ਼ ਅਜੇ ਲੜਨਾ
ਤੇਰੀ ਤੇਗ ਦੀ ਧਾਰ ਤੋਂ ਮੈਂ ਸਦਕੇ
ਏਦੀ ਲੋੜ ਤੋਂ ਕੌਣ ਇਨਕਾਰੀ ਏ

ਏਨੂੰ ਸਾਂਭ ਕੇ ਰੱਖ ਲਿਸ਼ਕਾ ਕੇ ਰੱਖ
ਏਦੀ ਧਾਰ ਨੂੰ ਸਾਣ ਚੜ੍ਹਾ ਕੇ ਰੱਖ
ਨ੍ਹੇਰ ਵਿਚ ਚਾਨਣ ਲਿਖਣਾ ਏ
ਏਨੂੰ ਅਗ ਦੀ ਲਾਟ ਬਣਾ ਕੇ ਰੱਖ
ਕੁਝ ਸਮਿਆਂ ਵਿਚ ਹੁੰਦੀ ਕੇਵਲ
ਸ਼ਮਸ਼ੀਰ ਹੀ ਇਕ ਲਿਖਾਰੀ ਏ
ਪਰ ਤੁਰਿਆ ਪੈਂਡਾ ਕਿਉਂ ਤੁਰਨਾ
ਅਗੇ ਦੀ ਵਾਟ ਜੋ ਭਾਰੀ ਏ ॥ •

('ਅਰਬ-1' ਤੋਂ ਧੰਨਵਾਦ ਸਹਿਤ)

## ਐ ਦਿੱਲੀਏ...

• ਅਵਤਾਰ ਗਿੱਲ •

ਐ ਦਿੱਲੀਏ!
ਜ਼ਰਾ ਦੱਸ ਤਾਂ ਸਹੀ
ਕਿੰਨੇ ਕੁ ਦਿਨ
ਤੂੰ ਹੋਰ ਜੀਣਾ ਹੈ।
ਸਮਝ ਕੇ ਪਾਣੀ
ਲਹੂ ਲੋਕਾਂ ਦਾ
ਕਿੰਨੇ ਕੁ ਦਿਨ
ਤੂੰ ਹੋਰ ਪੀਣਾ ਹੈ।

ਆਸਾਮ ਵਿਚ ਤੇਰੀ
ਤ੍ਰਿਪਤੀ ਨਹੀਂ ਹੋਈ?
ਹੁਣ ਪੰਜਾਬ ਵੱਲ
ਤੂੰ ਮੂੰਹ ਕੀਤਾ ਹੈ।
ਕਿਤੇ ਕੌਮਾਂ ਦੇ ਨਾਂ 'ਤੇ
ਕਿਤੇ ਧਰਮਾਂ ਦੇ ਨਾਂ 'ਤੇ
ਪੁਆੜੇ ਪਾਈ ਰੱਖਣ ਦਾ
ਤੂੰ ਠੇਕਾ ਲੀਤਾ ਹੈ।

ਇਹ ਲੋਕ ਮੇਰੇ
ਝੁਕਾਇਆਂ ਨਹੀਂ ਝੁਕਦੇ
ਮੁਕਾਇਆਂ ਨਹੀਂ ਮੁੱਕਦੇ
ਜਿੰਨਾ ਵਧੇਗਾ ਜ਼ੁਲਮ
ਉਨਾ ਹੀ ਜ਼ਿਆਦਾ ਇੰਨ੍ਹਾਂ
ਜੁਝਾਰੂ ਹੋਣਾ ਹੈ।
ਆਖ਼ਰ ਤਾਂ
ਆਦਮ ਦੀ ਜਾਤ ਨੇ ਹੀ
ਆਦਮਖ਼ੋਰਾਂ 'ਤੇ
ਭਾਰੂ ਹੋਣਾ ਹੈ। •

• SHERWOOD PK, ALBERTA •

# ਸਮੇਂ ਦੀ ਵੰਗਾਰ

## ਮੱਖਣ 'ਟੁੱਟ'

ਨਾਂ ਪਾੜੋ ਵੇ ਹਿੰਦ ਦੀ ਚਾਦਰ ।
ਨਾਂ ਬਣੋ ਵੇ ਧਰਮੀ ਜਾਬਰ ।
ਸੰਭਲ ਵੇ ਲੋਕਾ ਅੰਦਰੋਂ ਉਠਿਆ
ਮਜ਼ਬਾਂ ਦਾ ਜਨੂੰਨ ਕੋਈ,
ਬਾਹਰੋਂ ਨਾ ਕੋਈ ਆਇਆ ਗਜ਼ਨਵੀ
ਨਾਂ ਕੋਈ ਨਾਦਰ ਨਾਂ ਕੋਈ ਬਾਬਰ ।
ਨਾਂ ਏਥੇ ਧਰਮ ਨੂੰ ਖਤਰਾ ।
ਨਾਂ ਇਥੇ ਕਰਮ ਨੂੰ ਖਤਰਾ ।
ਉਨ੍ਹਾਂ ਨੇ ਪੈਦਾ ਕੀਤੇ ਖਤਰੇ,
ਜਿੰਨਾਂ ਨੂੰ ਚੋਣਾਂ ਹਰਨ ਦਾ ਖਤਰਾ ।
ਲਾ ਤੀਲੀ ਕੋਈ ਮੰਦਰ ਲੁਕਿਆ,
ਕੋਈ ਲੁਕਿਆ ਗੁਰ-ਨਿਵਾਸ,
ਲੋਕੀ ਭੋਲੇ ਲੜ ਲੜ ਮਰਦੇ,
ਉਨ੍ਹਾਂ ਨੂੰ ਨਾਂ ਮਰਨ ਦਾ ਖਤਰਾ ।
"ਚਿੱਟੇ ਘਰ" ਦੇ ਚਿੱਟੇ ਨੋਟ
ਉਨ੍ਹਾਂ ਲਈ ਖੋਦਣ ਚਿੱਟੀਆਂ ਕਬਰਾਂ,
ਜਿਨ੍ਹਾਂ ਨੂੰ ਸਿਵੇ ਸੜਨ ਦਾ ਖਤਰਾ ।
ਹੱਥ ਦੇ ਤੀਲੀ ਸਿਰ ਤੇ ਤੇਲ
ਕਹਿੰਦੇ ਅੱਗ ਲਗਾ ਦੇ ਬੱਚਾ,
ਤੇਰੇ ਤੇ ਮਿਹਰ ਗੁਰਾਂ ਦੀ
ਤੈਨੂੰ ਨਾਂ ਸੜ ਮਰਨ ਦਾ ਖਤਰਾ ।
ਅਜੇ ਨਾਂ ਭੁੱਲਿਆ ਸੰਨ ਸੰਤਾਲੀ
ਅਜੇ ਨਾਂ ਭੁੱਲੀ ਨ੍ਹੇਰੀ ਕਾਲੀ ।
ਅਜੇ ਨਾਂ ਭੁਲਿਆ ਰੋਂਦਾ ਸਤਲੁਜ
ਲਾਸ਼ਾਂ ਢੋਂਦੀ ਭੁੱਲੀ ਨਾ ਰਾਵੀ ।
ਭੁੱਲੀਆਂ ਨਾਂ ਭੈਣਾਂ ਦੀਆਂ ਚੀਕਾਂ
ਨਾਂ ਹੀ ਭੁੱਲੇ ਵੈਣ ਨਾਰਾਂ ਦੇ ।
ਮਜ਼੍ਹਬ ਭੁੱਲ ਗਏ
ਲੀਡਰ ਭੁੱਲ ਗਏ
ਲੱਭੀ ਬਣ ਸਰਕਾਰਾਂ ਦੇ ।
ਭਲਾ ਉਹ ਮਾਂ ਕੀਕਣ ਭੁੱਲੇ
ਵਿਛੜ ਗਏ ਪੰਜ ਪੁਤਰਾਂ ਨੂੰ,
ਰੋਂਦੇ ਵਹਿੰਦੇ ਰਹਿਣ ਪਿਆਸੇ
ਅਜੇ ਵੀ ਮਾਂ-ਪਿਆਰਾਂ ਦੇ ।
ਅਹੁ ਫਿਰ ਕੋਈ ਕਾਫ਼ਰ ਉਠਿਆ
ਹੱਥ 'ਚ ਲੈ ਤਲਵਾਰ ਮਜ਼੍ਹਬ ਦੀ,
ਨਫਰਤ ਦੀ ਉਹ ਪਾਣ ਚਾੜ੍ਹਕੇ
ਛੱਟੇ ਦੇਵੇ ਅੰਗਿਆਰਾਂ ਦੇ ।
ਹਿੰਦੂ ਨਾਂ ਵੈਰੀ
ਸਿੱਖ ਨਾਂ ਦੁਸ਼ਮਣ
ਮੁਸਲਮਾਨ ਬੇਗਾਨਾਂ ਨਾਂ,
ਸਭਨਾਂ ਦੀ ਮਾਂ ਕਿਰਤ ਹੈ
ਗੂੜ੍ਹੇ ਨਾਤੇ ਪਿਆਰਾਂ ਦੇ ।
ਇਸ ਕਿਰਤ ਨੂੰ ਜਿਹੜਾ ਲੁੱਟਦਾ
ਲੁੱਟਦਾ ਬਸ ਵੰਡੀਆਂ ਪਾ,
ਧਰਮਾਂ ਦੀਆਂ ਵੰਡੀਆਂ
ਲੁੱਟ ਦੀਆਂ ਮੰਡੀਆਂ
ਦੇਖ ਕਾਰੇ ਸਰਕਾਰਾਂ ਦੇ ।
ਉਠੋ ਜਾਗੋ ਕਿਰਤੀ ਮੋਮਨੋ
ਲੋੜ ਵੇਲੇ ਨੂੰ ਸਮਝਣ ਦੀ,
ਆਪਸ ਦੇ ਵਿਚ ਲੜ ਭਿੜ ਕੇ
ਨਾਂ ਚੜ੍ਹੋ ਹੱਥ ਗਦਾਰਾਂ ਦੇ ।
● (Vancouver, B.C.)

# ਹਰਦੇਵ ਵਿਰਕ ਦੀਆਂ ਦੋ ਕਵਿਤਾਵਾਂ

## 1. *ਪਿਲੱਤਣ ਤੋਂ ਲਾਲੀ ਤੱਕ*

ਸਰਹੰਦ ਦੀਆਂ ਜੂਹਾਂ 'ਚ ਖਿਲਰੇ ਰੋੜੇ
ਇਸ ਗੱਲ ਦੇ ਗਵਾਹ ਨੇ
ਕਿ ਅਣਖ ਕਦੀ ਮਰਦੀ ਨਹੀਂ
ਸਮੇਂ ਨੇ ਸਦਾ ਹੀ ਬੰਦੇ ਬਹਾਦਰ ਜੰਮੇ
ਜਿੰਨ੍ਹਾਂ ਨੇ ਗਲਤਾਨ ਹੋਏ ਹਾਕਮਾਂ ਦੀ ਜੜ੍ਹ ਨਾਸ ਕੀਤੀ
ਤੇ ਸਿਰਜਿਆ ਇੱਕ ਨਿਵੇਕਲਾ ਇਤਿਹਾਸ
ਜੋ ਆਉਣ ਵਾਲੀਆਂ ਨਸਲਾਂ ਲਈ ਮੁਨਾਰਾ ਬਣਿਆਂ

ਇਹ ਪੜ੍ਹਦੇ ਨੇ ਬਾਂਗ
ਇਹ ਦੁਹਰਾਂਦੇ ਨੇ ਫਰੀਦ ਦੇ ਦੋਹਰੇ
ਪਰ ਇਨ੍ਹਾਂ ਘੋਖਿਆ ਕਦੇ ਨਹੀਂ
ਸ਼ਮਸ਼ੀਰ ਦੀ ਧਾਰ 'ਚੋਂ ਨਿਕਲੇ ਮਹਾਨ-ਕਾਵਿ ਨੂੰ

ਇਹ ਕਰਦੇ ਨੇ ਜਸ਼ਨ ਉਨ੍ਹਾਂ ਦਿਨਾਂ ਦੇ
ਜਦੋਂ ਖਾਲਸੇ ਦੀ ਸਿਰਜਣਾ ਹੋਈ ਸੀ
ਪਰ ਕੋਰਾ ਝੂਠ, ਰਜਵਾੜੇ-ਸ਼ਾਹੀ ਫਰਾਡ...

ਇਹ ਕਰਦੇ ਨੇ ਦਾਅਵੇ ਸੱਚ ਦੀ ਪੂਜਾ ਦੇ
ਉਂਞ ਤੇ ਤੁਸੀਂ ਕਰਤੂਤਾਂ ਇਨ੍ਹਾਂ ਦੀਆਂ ਵੇਖੀਆਂ ਹੀ ਨੇ
ਵੱਡੇ ਸੱਚ ਦੇ ਪੁਜਾਰੀਆਂ ਤੇ ਅਹਿੰਸਾਵਾਦੀਆਂ ਦੀਆਂ
ਜਦੋਂ ਹੋਈ ਸੀ ਧਰਤੀ ਲਾਲ
ਮੋਗੇ ਵਰਗੇ ਕਈ ਹੋਰ ਥਾਵਾਂ ਤੇ
ਇਹ ਆਪਣੇ ਆਪ ਨੂੰ
ਡਾਕਟਰ ਦੀਆਂ ਪਦਵੀਆਂ ਦੇਣ ਵਾਲੇ
ਕਿੰਨੇ ਥੋੜੇ ਦਿਮਾਗ ਦੇ ਨੇ
(ਬਾਕੀ ਸਫ਼ਾ ੭ 'ਤੇ)

# ਬੰਬੇ ਸਵੀਟਸ ਮੈਨੂਫੈਕਚਰਰ

## FOR LARGEST VARIETY IN INDIAN SWEETS

ਆਓ ਤੇ ਵਧੀਆ ਸਾਮਾਨ ਘੱਟ ਕੀਮਤਾਂ ਵਿਚ ਸਾਥੋਂ ਖਰੀਦੋ
ਥੋਕ ਤੇ ਮਠਿਆਈ ਖ਼ੀਦਣ ਲਈ

ਸ਼ੁਕਲਾ ਬ੍ਰਾਦਰਜ਼

6556 - 60 Main Street
(at 49th Ave.)
Vancouver, B.C. V5X 3H1
Tel: (604) 321-1414
874-5722



Manager: SHUKLA

- ਛੋਲੇ ਭਟੂਰੇ • ਸਮੋਸੇ • ਆਲੂ ਟਿੱਕੀ
- ਕਰਾਰੇ ਕਰਾਰੇ ਗੋਲਗੱਪੇ ਆਦਿ ਆਦਿ ਅਤੇ ਹੋਰ ਬਹੁਤ ਕੁਝ ਹਰ ਸਮੇਂ ਤਿਆਰ ਮਿਲੇਗਾ

**WE ARE OPEN EVERY DAY 9 A.M. TO 9:30 P.M.**

## BOMBAY SWEETS MFG. INCORPORATED ®

---

**The shop where you can get all kinds of Fabrics!**

## PRINCE FABRICS

**372 - Anderson Drive**
**Quesnel, B.C.**
**V2J 1G2**

Bus: (604) 992-3319
Res: (604) 992-5108
**Jagdish Puri**

** We make to measure Salwar - Kamiz - Lehnga*

** Also in gents wear Pants, Shirts, Coats, etc.*

** Mail order accepted*

---

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ--------------------------------
--------------------------------------
--------------------------------------
--------------------------------------
ਨਵਾਂ ਪਤਾ ਸਟਰੀਟ/ਐਵੇਨਿਊ-----------------
ਟਾਊਨ------------------------------------
ਸਟੇਟ------------------------------------
ਪੋਸਟਲ ਕੋਡ--------------------------------
ਫੋਨ ਨੰਬਰ---------------------------------

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

**WATNO DUR**
P.O. Box 9545
Edmonton, Alberta, T6E 5X2

Second Class Mail Reg. No. 3233

TO:

ਫਰੰਟੀਅਰ ਕਲਾਥ ਹਾਊਸ




**NEW DESIGNS**
**& NEW FASHIONS**

# SAREES

**We have the largest variety**
**in Punjabi suits**
**both in designs & Quality**

## FRONTIER CLOTH HOUSE LTD.

**6695 MAIN STREET VANCOUVER, B.C.**

PHONE NO. 325-4424 or 325-3515